੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਸਹਾਇ ॥

# ਸ੍ਰੀ ਗੁਰਿੰਡਨਾਮਾ

# ਅਤੇ

# ਨਦੇੜ ਦਾ ਨਾਟਕ

ਗੁਰੂ ਘਰ ਦਾ ਕੂਕਰ

**ਮੰਗਲ ਸਿੰਘ ਨਾਮਧਾਰੀ (ਪ੍ਰਦੇਸੀ)**

ਮਹਲਾ ਹਵੇਲੀਆਂ, ਫਤੇਹਗੜ੍ਹ ਚੂੜੀਆਂ ਖਾਸ,
(ਜ਼ਿਲਾ ਗੁਰਦਾਸਪੁਰ, ਪੰਜਾਬ)

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਰਹਿਤ ਨਾਮਾ

ਪਾਤਸ਼ਾਹੀ ੧੨ਵੀਂ

ੴ ਸਤਿਗੁਰ ਪ੍ਰਸਾਦਿ ॥

ਲਿਖਤੁਮ ਰਾਮ ਸਿੰਘ, ਹੋਰ ਸਮੂਹ ਖਾਲਸਾ ਜੀ ਭੈਣੀ ਦਾ, ਸਮੂਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਬੁਲਾਈ। ਪ੍ਰਮਾਨ ਕਰਨੀ ਜੀ ॥

ਹੋਰ ਰਹਿਤਨਾਮਾ ਸਮੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ ॥ ਪਿਛਲੀ ਰਾਤ ਉਠਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ, ਦੋ ਵਾਰੀ ਗੜਵਾ ਮਾਂਜਨਾ ਮਦਾਨ ਬਸਤ੍ਰ ਲਾਹਿ ਕੇ ਜਾਨਾ ਦਾਤਨ ਕਰਨੀ ਫੇਰ ਇਸ਼ਨਾਨੁ ਕਰਨਾ ਬਾਣੀ ਪੜ੍ਹਨੀ ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ। ਸਰਬ ਮਾਈ ਬੀਬੀ ਸਰਬਨੇ। ਜਪੁ ਜਾਪੁ ਦੋਹਾ ਦੇ ਹਜਾਰੇ ਕੰਠ ਕਰਨੇ। ਰਹਿਰਾਸ ਆਰਤੀ ਸੋਹਿਲਾ ਏਤਨੀ ਤਾਂ ਜ਼ਰੂਰ ਹੀ ਕੰਠ ਕਰਨੀ। ਤਾ ਸੀਲ ਸੰਤੋਖੁ ਸਭ ਨੇ ਰਖਨਾ। ਭਜਨੁ ਅਠੇ ਪਹਰ ਕਰਨਾ ਗੁਰੂ ਸਚੇ ਦਾ। ਹੋਰ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ, ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ ॥ ਜੇ ਕੋਈ ਭਜਨੁ ਪੁਛਕੇ ਨਾ ਕਰੂਗਾ ਉਸਦਾ ਮੂਹ ਦੂਹੀ ਜਹਾਨੀ ਕਾਲਾ ਹਊਗਾ। ਹੋਰ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ ਬੋਲੁ ਕੁਬੋਲੁ ਸਹਿ ਜਾਣਾ ਸਭਦਾ। ਜੇ ਕੋਈ ਮਾਰੇ ਕੁਛ ਤਾ ਭੀ ਖਿਮਾ ਕਰਨੀ ਤੁਸਾ ਦਾ ਰਛਕ ਗੁਰੂ ਹੈ। ਹਰਿ ਵਖਤ ਤੁਸੀ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ। ਹਰਿ ਵਖਤ ਦੂਵਾਨੁ ਲਾਉਣਾ ਹਰਿ ਦਿਨ ਸਬਦੁ ਕੀਰਤਨੁ ਕਰਨਾ, ਜੇ ਕਰ ਜਗ ਕਰਨਾ ਹੋਵੇ ਤਾਂ ਚੌਕਾ ਦੇਣਾ। ਕਾੜ੍ਹੇ ਕੋਰੇ ਲਿਆਉਣੇ ਚੌਂਕੇ ਵਿਚ ਚਰਨ ਧੋਇਕੇ ਬੜਨਾ। ਅਰ ਹੋਮ ਜੀ ਕਰਨਾ। ਪਹਲੇ ਚੌਂਕਾ ਦੇਣਾ ਹੋਮ ਦੀ ਜਗਾ। ਲਕੜੀ ਹੋਮ ਵਿਚ ਪਲਾਹ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ ਫੂਕ ਨਹੀਂ ਮਾਰਨੀ ਹੋਮ ਵਿਚ, ਪੱਖੀਆਂ ਉਤੋਂ ਬਾਣੀ

ਪੜ੍ਹਨੀ ਚਉਪਈ, ਜਪੁ ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤ *ਛੇਵਾਂ ਆਦਮੀ ਅਹੂਤੀਆਂ ਪਾਵੇ ਸਤਵਾਂ ਮਗਰੋਂ ਨਾਲ ਹੀ ਜਲ ਦਾ ਛਿੱਟਾ ਦੇਵੇ ਥੋੜਾ। ਕੋਈ ਜੋ ਮੰਦਾਂ ਕਰਮੁ ਕਰੇ ਜਾਰੀ ਚੋਰੀ ਤਾਂ ਕਿਸੇ ਹੀ ਥਾਂ ਦੁਵਾਨੁ ਵਿਚ ਨਹੀਂ ਵੜਨ ਦੇਣਾ। ਜੇਕਰ ਜੋਰਾਵਰ ਹੋਵੇ ਤਾ ਸਭਨਾ ਨੇ ਏਹੁ ਅਰਦਾਸ ਕਰਨੀ ਜੀ ਏਹ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ। ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ ਤੁਸੀ ਆਪ ਹੀ ਸਭ ਕੁਛ ਸਮਝ ਲੈਣਾ ਜੀ। ਹੋਰ ਜੀ ਸਭ ਨੇ ਹਥ ਜੋੜਨੇ ਪਰਮੇਸਰ ਅਗੇ। ਜੋ ਹੇ ਮਹਾਰਾਜ! ਸਾਡਾ ਧਰਮੁ ਬਣਿਆ ਰਹੇ ਜੀ। ਹੋਰ ਕਛਾਂ ਰਖਣੀਆਂ ਪਉਚਾ ਪਾਕੇ ਪਉਚਾ ਲਹੁਣਾ ਹੋਰ ਜੀ ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀ ਕਿਸੇ ਨੇ। ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ, ਵਟਾ ਨਹੀ ਕਰਨਾ ਸਦਾ ਗੁਰੂ ਗੁਰੂ ਜਪਦੇ ਰਹਿਣਾ। ਦਾਰੂ ਮਾਸ ਨਹੀ ਖਾਣਾ ਪੀਣਾ, ਖੌਫ ਰਖਣਾ ਗੁਰੂ ਦਾ ਹਰਿ ਦਮ।

੨. ਪਹਿਰ ਰਾਤ ਰਹਿੰਦੀ ਉਠਣਾ। ਜੰਗਲ ਜਾਣ ਸਮੇਂ ਜਲ ਦਾ ਗੜਵਾ ਸੇਲਾ ਲੈ ਕੇ ਜੰਗਲ ਜਾਣਾ, ਜੰਗਲ ਟੋਇਆ ਪੁਟ ਕੇ ਬੈਠਣਾ, ਪਿਛੋਂ ਮਿੱਟੀ ਪਾ ਦੇਣੀ, ਜੰਗਲ ਵਲ ਵੇਖਣਾ ਨਹੀ, ਮਤ ਮਾਰੀ ਜਾਂਦੀ ਹੈ, ਫਿਰ ਦੋ ਵਾਰੀ ਗੜਵਾ ਮਾਂਜਨਾ, ਪਵਿਤਰ ਜਗ੍ਹਾ ਤੋਂ ਮਿੱਟੀ ਲੈ ਕੇ ਪੰਜ ਵਾਰੀ ਹਥ ਪੈਰ ਮਾਂਜਨੇ, ਫਿਰ ਪੰਜ ਇਸ਼ਨਾਨਾ ਕਰ ਕੇ ਦਾਤਨ ਕਰਨੀ, ਦਾਤਨ ਪਾਣੀ ਤੋਂ ਬਿਨਾਂ ਨਹੀਂ ਕਰਨੀ, ਫਿਰ ਸਣੇ ਕੇਸੀ ਇਸ਼ਨਾਨ ਕਰਨਾ, ਨਾਮ ਜਪਣਾ ਤੇ ਬਾਣੀ ਪੜ੍ਹਨੀ, ਬਾਣੀ ਕੰਠ ਨਾ ਹੋਵੇਂ ਤਾਂ ਕੰਠ ਕਰਨੀ। ਚੀਤਾ (ਪੈਸ਼ਾਬ) ਪਿਛੋਂ ਜਲ ਵਰਤਨਾ। ਫਿਰ ਪੰਜ ਇਸ਼ਨਾਨਾ ਕਰਨਾ। ਮਾਸ ਸ਼ਰਾਬ ਨਹੀਂ ਖਾਣਾ ਪੀਣਾ।

---

* ਚੰਡੀ ਦੀ ਵਾਰ ਤੇ ਉਗ੍ਰਦੰਤੀ ਇਹ ਬਾਣੀਆਂ ਹਵਨ ਵਿਚ ਪੜ੍ਹਨ ਦਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਹੁਕਮ ਦਿਤਾ ਹੈ:

Sri Satguru Jagjit Singh Ji eLibrary NamdhariElibrary@gmail.com

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਸਹਾਇ ॥

www.archive.org/details/namdhari

# ਸ੍ਰੀ ਗੁਰਿੰਡ ਨਾਮਾ

ਗੁਰੂ ਘਰ ਦਾ ਕੂਕਰ

**ਮੰਗਲ ਸਿੰਘ ਨਾਮਧਾਰੀ (ਪ੍ਰਦੇਸੀ)**

ਮਹਲਾ ਹਵੇਲੀਆਂ, ਫਤੇਹਗੜ੍ਹ ਚੂੜੀਆਂ ਖਾਸ,
(ਜ਼ਿਲਾ ਗੁਰਦਾਸਪੁਰ, ਪੰਜਾਬ)

Sri Satguru Jagjit Singh Ji eLibrary NamdhariElibrary@gmail.com

www.archive.org/details/namdhari

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਸ੍ਰੀ ਗੁਰਿੰਡ ਨਾਮਾ

ਸ੍ਰੀ ਮੁਖ ਵਾਕ ਪਾਤਿਸਾਹੀ ਦਸਵੀਂ ।੧੦।

੧ੴ ਸਤਿਗੁਰ ਪ੍ਰਸਾਦਿ ॥

ਅਬ ਭੋਗਲ ਪੁਰਾਨੇ ਦੁਆਦਸ ਸਕੰਦੇ ਗੁਰਬੰਸਾਵਲੀ ਲਿਖਯਤੇ ਚਤਰ ਦਸ ਅਵਤਾਰੇ ਸ੍ਰੀ ਗੁਰਿੰਡ ਨਾਮਾ ਬਰਨਨੰ। ਸ੍ਰੀ ਸੁਕਦੇਵ ਰਾਜਾ ਪ੍ਰੀਛਤ ਸੰਬਾਦ ਸ੍ਰੀ ਗੁਰਿੰਡ ਨਾਮਾ ਕਲ ਜੁਗੇ ਭਾਖਾ ਕਰ ਸੁਨਾਵਣ ।ਤ੍ਰਧਿ। ਸ੍ਰੀ ਮੁਖਵਾਕ ਪਾਤਿਸ਼ਾਹੀ ।੧੦।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਬਾਣੀ ਉਚਾਰਨ ਕਰਦੇ ਹਨ। ਜਿਹੜੀ ਕਥਾ ਭੋਗਲ ਪੁਰਾਨ ਅਠਾਰਾਂ ਪੁਰਾਨਾਂ ਵਿਚੋਂ ਹੀ ਹੈ ਭੋਗਲ ਪੁਰਾਨ ਭਵਿਖਤ ਪੁਰਾਨ ਜਿਸ ਦੇ ਬਾਰ੍ਹਵੇਂ ਸਕੰਦ ਵਿਚ ਕਲਜੁਗ ਵਿਚ ਚਉਦਾ ਜਾਮੇ ਗੁਰੂ ਹੋਣ ਦਾ ਹਾਲ ਦਸਿਆ ਹੈ। ਉਹ ਸਾਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਦਵਾਰਾ ਪ੍ਰਗਟ ਕਰਕੇ ਦਸਦੇ ਹਨ। ਭੋਗਲ ਪੁਰਾਨ ਦੀ ਕਥਾ ਸਤਿਜੁਗ ਵਾਲੀ ਬਿਆਸ ਜੀ ਤੇ ਸੁਕਦੇਵ ਜੀ ਨੇ ਦੇਵਤਿਆਂ ਨੂੰ ਸੁਣਾਈ ਤੇ ਉਹੀ ਕਥਾ ਸੁਕਦੇਵ ਰਿਖੀ ਜੀ ਨੇ ਪ੍ਰੀਛਤ ਰਾਜੇ ਨੂੰ ਸੁਣਾਈ ਸੀ। ਉਹੀ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਲਥਾ ਕਰ ਕੇ ਬਾਣੀ ਸੰਗਤ ਨੂੰ ਦਸ ਰਹੇ ਹਨ। ਅਤੇ ਬਾਰ੍ਹਵਾਂ ਜਾਮਾ ਜੋ ਕਲਜੁਗ ਵਿਚ ਸਤਿਜੁਗ ਦਾ ਅਵਤਾਰ ਪ੍ਰਗਟ ਹੋਣਾ ਹੈ ਉਸ ਬਾਰੇ ਚੰਗੀ ਤਰ੍ਹਾਂ ਨਿਰਣਾ ਕਰ ਕੇ ਦਸਦੇ ਹਨ। ਜੋ ਇਸ ਤਰ੍ਹਾਂ ਦਸਿਆ ਹੈ। ਸ੍ਰੀ ਮੁਖ ਵਾਕ ਪਾਤਿਸ਼ਾਹੀ ੧੦ **'ਆਦਿ ਜੁਗ ਮੇਂਸੁਕ ਕਹਿਉ ਸੋ ਅਬ ਕਹੂੰ ਸੁਣਾਇ।' ਭੋਗਲ ਪੁਰਾਨ ਮੇਂ ਕਹਿ ਗਯੋ ਸੁਕ ਪ੍ਰੀਛਤ ਪ੍ਰਤਿਗਾਏ** (ਭਾਵ) ਆਦਿ ਜੁਗ ਸਤਿ ਜੁਗ ਵਿਚ ਜਿਹੜੀ ਕਥਾ ਦੇਵਤਿਆਂ ਨੂੰ ਸੁਣਾਈ ਸੀ ਤੇ ਫੇਰ ਰਾਜੇ ਪ੍ਰੀਛਤ ਨੂੰ ਦੁਆਪਰ ਵਿਚ ਤੇ ਹੁਣ ਉਹੀ ਕਥਾ ਕਹਿੰਦੇ ਹਾਂ ਸੁਣੋ ਮੁਢ ਤੋਂ ਸਾਰੀ ਦੀ ਸਾਰੀ ਕਥਾ ਸੁਣੋ। (**ਸੋਈ ਭਾਖਾ ਅਬ ਕਹਿੰਤ ਹਉ ਪ੍ਰਿਥਮ ਗੁਰਿੰਡ ਪ੍ਰਸ਼ਾਦਿ ॥ ਜਿਉਂ ਸੁਕ ਪ੍ਰੀਛਤ ਪ੍ਰਤਿ ਕਹੀ ਸੁਣੋ ਆਦਿ ਕੀ ਆਦਿ**) ਸਤਿਗੁਰੂ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਸੁਕਦੇਵ ਜੀ ਨੇ ਪ੍ਰੀਛਤ ਰਾਜੇ ਨੂੰ ਸੁਣਾਈ ਸੀ ਉਹ ਸਾਰੀ



Sri Satguru Jagjit Singh Ji eLibrary NamdhariElibrary@gmail.com

ਕਥਾ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਦਸਦੇ ਹਾਂ। ਸਾਰੀ ਦੀ ਸਾਰੀ ਸੁਣੋ। (**ਦਸ ਚਾਰ ਸਮ ਭਾਨ ਹੈ ਏਕ ਜੋਤਿ ਸਭਿ ਗਾਤਿ। ਪ੍ਰਗਟੇ ਪੁਰਖ ਅਨਾਦ ਤੇ ਉਸੀ ਪੁਰਖ ਕੀ ਕ੍ਰਾਂਤਿ**) ਚੌਦਾਂ ਸੂਰਜਾਂ ਜਾਮਿਆਂ ਵਿਚ ਇਕ ਹੀ ਜੋਤਿ ਸ਼ਕਤਿ ਉਸੇ ਹੀ ਅਕਾਲ ਪੁਰਖ ਤੋਂ ਪ੍ਰਗਟ ਹੋ ਕੇਧਰਤੀ ਤੇ ਪੁਰਖ ਰੂਪ ਧਾਰ ਕੇ ਆਵੇਗੀ ਸੂਰਜ ਦੇ ਵਾਂਗ ਚਮਕੇਗੀ। (**ਪੰਚ ਸਹੰਸਰ ਵਰਖ ਮਧ ਦੁਆਦਸ ਬਪ ਧਰੇ ਸੰਤ। ਕਲਜੁਗ ਅਉਧ ਬਿਤਾਨ ਹਿਤ ਬਿਪ੍ਰ ਪ੍ਰਗਟੇ ਅਨੰਤ**) ਪੰਜ ਹਜ਼ਾਰ ਬਰਖ ਕਲ ਜੁਗ ਦੇ ਬੀਤ ਜਾਣ ਤੇ ਗੁਰੂ ਨਾਨਕ ਦੇਵ ਜੀ ਰਾਜ ਗੱਦੀ ਕਲ ਜੁਗ ਵਿਚ ਤੋਰਨਗੇ ਤੇ ਚੌਦਾਂ ਜਾਮੇ ਗੁਰੂ ਰੂਪ ਧਾਰ ਕੇ ਕਲਿਜੁਗ ਵਿਚ ਪ੍ਰਗਟ ਹੋਣਗੇ। ਤੇ ਬਾਰਵੇਂ ਜਾਮੇ ਦਾ ਤੇਜ਼ ਨਿਆਰਾ ਹੋਵੇਗਾ ਤੇ ਅਨੇਕਾਂ ਬਿਪ੍ਰ ਪ੍ਰਗਟ ਕਰੇਗਾ। ਆਪਨੇ ਤੇਜ਼ ਨਾਲ ਸ਼ਕਤ ਨਾਲ (ਨਾਮਧਾਰੀ ਸੰਤ ਖਾਲਸਾ)।

**ਗਾਤ ਸਾਂਵਰੋਂ ਧਾਰ ਕੇ ਛਿਤ ਪਰ ਬਿਚਰੇ ਆਪ॥**
**ਟਰੇ ਅਰਿਸਟ ਸਭ ਜਗਤ ਕੇ ਧਰਮ ਵਧੈ ਖੈ ਪਾਪ॥**

ਇਹ ਬਾਰਵੇਂ ਜਾਮੇ ਦੀ ਸਾਰੀ ਕਥਾ ਦਾ ਹਵਾਲਾ ਦੇ ਕੇ ਦਸਮੇ ਪਾਤਿਸ਼ਾਹ ਜੀ ਕਹਿੰਦੇ ਹਨ ਕਿ ਸਾਂਵਲਾ ਰੰਗ (ਸਉਂਲਾ) ਸਰੂਪ ਧਾਰ ਕੇ ਆਪ ਅਕਾਲ ਪੁਰਖ ਧਰਤੀ ਤੇ ਪਰਗਟ ਹੋ ਕੇ ਵਿਚਰੇਗਾ। ਤੇ ਪਾਪਾਂ ਦਾ ਨਾਸ ਕਰੇਗਾ ਧਰਮ ਚਲਾਏਗਾ ਪਾਪੀਆਂ ਦਾ ਖੈ ਕਰੇਗਾ। ਜੋ ਕਥਾ ਭੋਗਲ ਪੁਰਾਨ ਵਿਚ ਹੈ ਸੋ ਗੁਰੂ ਗੋਬਿੰਦ ਸਿੰਘ ਜੀ ਬਾਣੀ ਦੁਆਰਾ ਇਸ ਤਰ੍ਹਾਂ ਪ੍ਰਗਟ ਕਰਦੇ ਹਨ (**ਜਾਮੇ ਧਾਰੇ ਦਸ ਗੁਰੂ ਨਵ ਸਤ ਕਲਾ ਸੁ ਧਾਰ**) ਦਸਾਂ ਜਾਮਿਆਂ ਤਕ ਗੁਰੂ ਸੋਲ੍ਹਾਂ ਕਲਾ ਧਾਰ ਕੇ ਪ੍ਰਗਟ ਹੋਣਗੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਫੇਰ ਦਸਵੇਂ ਜਾਮੇਂ ਤੋਂ ਅਗੇ। (**ਗੁਪਤ ਗਯਾਰਵਾਂ ਖੇਲ ਸੀ ਕੋਇ ਕੁ ਪਾਵੈ ਪਾਰ**) ਯਾਰਵਾਂ ਜਾਮਾ ਗੁਪਤ ਰੂਪ ਹੋਇਗਾ ਤੇ ਕੋਈ ਵਿਰਲਾ ਹੀ ਪਛਾਣੇਗਾ। ਏਥੇ ਕੁਝ ਨਿਰਣਾ ਇਸ ਤਰ੍ਹਾਂ ਹੈ ਕਿ (**ਗੁਪਤ ਗਯਾਰਵਾਂ ਖੇਲ ਸੀ**) ਜੇਹੜੇ ਸੰਤਾਂ ਨੇ ਗਨਕਾ ਨੂੰ ਤੋਤਾ ਦੇ ਕੇ ਰਾਮ ਨਾਮ ਦਾ ਉਪਦੇਸ ਦੇ ਕੇ ਗਨਕਾ ਦਾ ਉਧਾਰ ਕੀਤਾ ਉਪਦੇਸ ਕਰਕੇ ਸੰਤ ਚਲੇ ਗਏ ਸਨ। ਤੇ ਗਨਕਾ ਤੋਤੇ ਨੂੰ ਰਾਮ ਰਾਮ ਪੜ੍ਹਾਉਣਾ ਤੇ ਭਾਈ ਗੁਰਦਾਸ ਜੀ ਨੇ ਕਿਹਾ ਹੈ ਕਿ ਗਨਕਾ ਪਾਪਨ ਹੋਇ ਕੇ ਪਾਪਾਂ ਦਾ ਗਲ ਹਾਰ ਪਰੋਤਾ। ਮਹਾਂ ਪੁਰਖ ਅਚਾਨਕ ਗਨਕਾ ਵਾੜੇ ਆਏ ਖਲੋਤਾ। ਕਥਨ ਅਨੁਸਾਰ ਉਹੀ ਸੰਤ ਗੁਰੂ ਨਾਨਕ ਦੇਵ ਜੀ ਦੇ ਨਾਲ ਭਾਈ ਬਾਲਾ ਜੀ ਆਏ। ਸਾਂਤ ਮੂਰਤਿ ਨਾਮ ਦੇ ਰੰਗ ਵਿਚ ਹੀ ਮਸਤ



Sri Satguru Jagjit Singh Ji eLibrary NamdhariElibrary@gmail.com

ਰਹਿੰਦੇ। ਜਦੋਂ ਗੁਰੂ ਨਾਨਕ ਜੀ ਗੁਰਗੱਦੀ ਭਾਈ ਲਹਿਣੇ ਨੂੰ ਦੇਣ ਲਗੇ ਤੇ ਨਾਮ ਅੰਗਦ ਰਖਿਆ ਗੁਰੂ ਅੰਗਦ ਦੇਵ ਜੀ ਨਾਮ ਰਖ ਕੇ ਗੁਰਗੱਦੀ ਬਖਸ਼ੀ ਸੀ। ਉਸ ਵੇਲੇ ਭਾਈ ਬਾਲੇ ਨੇ ਆਪਣੇ ਮਨ ਵਿਚ ਹੀ ਕਿਹਾ ਕਿ ਮੈਂ ਸਾਰੀ ਉਮਰ ਨਾਲ ਰਹਿ ਕੇ ਕੀ ਲਿਆ। ਮੈਨੂੰ ਕੀ ਮਿਲਿਆ ਤਾਂ ਗੁਰੂ ਨਾਨਕ ਦੇਵ ਜੀ ਅੰਤਰਜਾਮੀ ਬਚਨ ਕੀਤਾ। ਭਾਈ ਬਾਲਾ ਤੂੰ ਮਨ ਦੇ ਵਿਚ ਕਿਉਂ ਗਿਣਤੀ ਕਰਦਾ ਹੈਂ। ਤੇਰੀ ਵਸਤ ਅਸੀ ਤੈਨੂੰ ਦਿਆਂਗੇ ਦਸਵੇਂ ਜਾਮੇ ਦੀ ਹਥੀਂ। ਯਾਰਵਾਂ ਜਾਮਾ ਤੇਰਾ ਹੋਵੇਗਾ ਤੇ ਸਾਡਾ ਦਸਵਾਂ ਜਾਮਾ ਹੋਵੇਗਾ ਫੇਰ ਇਹ ਗੱਦੀ ਗੁਰਿਆਈ ਤੈਨੂੰ ਦਿਆਂਗੇ ਤੇ ਕੋਈ ਵਿਰਲਾ ਜਾਣੇਗਾ ਤੇ ਇਸ ਤਰ੍ਹਾਂ ਰਹੇਗਾ।

**ਜਾਮਾ ਪਹਿਰੇ ਯਾਰਵਾਂ ਬਾਜਾ ਪੁਰ ਕੇ ਮਾਹਿ॥**
**ਸੰਗਤ ਮਿਲੇ ਕਰੋੜ ਦੋਇ ਦਰਸ ਦਿਖਾਵੈ ਤਾਹਿ॥**

ਗੁਰੂ ਜੀ ਕਥਨ ਕਰਦੇ ਹਨ (ਬਾਜਾ ਪੁਰ ਹਜਰੋ ਸਾਹਿਬ ਦਾ ਨਾਮ ਹੈ ਦੋ ਕਰੋੜ ਸੰਗਤ ਚਰਨੀ ਲਗੇਗੀ ਤੇ ਇਸ ਤਰ੍ਹਾਂ ਗੁਪਤ ਰਹਿਣਗੇ ਜਿਸ ਤਰ੍ਹਾਂ ਪੇਟ ਵਿਚ ਬੱਚਾ ਹੁੰਦਾ ਏ ਤੇ ਪਤਾ ਨਹੀਂ ਹੁੰਦਾ ਨਰ ਹੈ ਕਿ ਮਾਦਾ ਹੈ ਇਸ ਤਰ੍ਹਾਂ ਯਾਰਵਾਂ ਜਾਮਾ ਗੁਪਤ ਰਹੇਗਾ।

**ਤੀਨ ਮਾਸ ਖਟ ਰਹੇਂਗੇ ਗ੍ਰਿਹਿ ਗਨਕਾ ਗੁਰਿੰਡ॥**
**ਉਦਰ ਲੋਪ ਅੰਡਾ ਸਹਿਤ ਸੋ ਸਾਖੀ ਬ੍ਰਿਹਿਮੰਡ॥**

ਜਿਵੇਂ ਅੰਡੇ ਵਿਚ ਬੱਚਾ ਹੁੰਦਾ ਏ ਤੇ ਗੁਪਤ ਹੁੰਦਾ ਏ ਇਸ ਤਰ੍ਹਾਂ ਯਾਰਵਾਂ ਜਾਮਾ ਨਉਂ ਮਹੀਨੇ ਗਨਕਾ ਦੇ ਘਰ ਗੁਪਤ ਰਹੇਗਾ।

ਗੁਰੂ ਨਾਨਕ ਦੇਵ ਜੀ ਵੀ ਅਜਿਤੇ ਰੰਧਾਵੇ ਨਾਲ ਗੋਸਟ ਕਰਦਿਆਂ ਦਸਿਆ ਏ ਕਿ ਨਉਂ ਮਹੀਨੇ ਗੁਰੂ ਗਨਕਾ ਦੇ ਘਰ ਰਹੇਗਾ। ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਦੇ ਹਨ:

**ਉਦਰ ਲੋਪ ਅੰਡਾ ਸਹਿਤ ਸੋ ਸਾਖੀ ਬ੍ਰਿਹਿਮੰਡ॥**

ਜਦੋਂ ਗੁਰੂ ਦਸਵੇਂ ਪਾਤਸ਼ਾਹਿ ਜੀ ਨੇ ਨਦੇੜ ਸਾਂਗ ਕੀਤਾ ਤੇ ਉਥੋਂ ਜਿਥੇ ਜਿਥੇ ਰਹੇ ਉਹ ਸਾਰਾ ਹਾਲ ਦਾਸ ਨੇ ਨਦੇੜ ਦੇ ਨਾਟਕ ਵਿਚ ਲਿਖਿਆ ਹੈ ਏਥੇ ਇਸ਼ਾਰਾ ਮਾਤ੍ਰ ਦਸ ਰਿਹਾ ਹਾਂ। ਦਸਵੇਂ ਪਾਤਿਸ਼ਾਹ ਜੀ ਨਦੇੜ ਸਾਂਗ ਕਰ ਕੇ ਰਿਆਸਤ ਭਾਦਰਾ ਵਿਚ ਤੇ ਜੀਂਦ ਤੇ ਪਟਿਆਲੇ ਤੇ ਫੇਰ ਨਾਭੇ ਆਏ ਤੇ


Sri Satguru Jagjit Singh Ji eLibrary NamdhariElibrary@gmail.com

ਏਥੋਂ ਪੋਠੋਹਾਰ ਦੇ ਇਲਾਕੇ ਜਾ ਕੇ ਜਿਹੜਾ ਭਾਈ ਬਾਲੇ ਨਾਲ ਬਚਨ ਸੀ ਕਿ ਦਸਵੇਂ ਜਾਮੇ ਦੀ ਹਥੀਂ ਗੁਰਗਦੀ ਦਾ ਤਿਲਕ ਦੇਵਾਂਗੇ। ਉਹ ਭਾਈ ਬਾਲਾ ਬਾਲਕ ਸਿੰਘ ਜੀ ਹੋਏ ਤੇ ਹਰ ਸਮੇਂ ਭਜਨ ਵਿਚ ਲੀਨ ਰਹਿੰਦੇ। ਗੁਰੂ ਗੋਬਿੰਦ ਸਿੰਘ ਜੀ ਪੋਠੋਹਾਰ ਦੇ ਇਲਾਕੇ ਹਰੋ ਨਦੀ ਦੇ ਕੰਢੇ ਜਿਥੇ ਬਾਲਕ ਸਿੰਘ ਜੀ ਭਜਨ ਕਰ ਰਹੇ ਸਨ ਸੁਰਤਿ ਜੁੜੀ ਹੋਈ ਸੀ। ਗੁਰੂ ਕਲਗੀਧਰ ਜੀ ਜਾ ਕੇ ਤੇ ਉਸ ਆਸਣ ਤੇ ਬੈਠ ਗਏ ਜਿਹੜਾ ਵੱਖਰਾ ਆਸਣ ਰੋਜ਼ ਹੀ ਵਛਾਂਦੇ ਸਨ ਸਤਿਗੁਰੂ ਗੁਰੂ ਬਾਲਕ ਸਿੰਘ ਜੀ। ਕਲਗੀਧਰ ਜੀ ਉਸ ਆਸਣ ਤੇ ਬੈਠ ਗਏ ਤੇ ਕਿਹਾ ਉਚੀ ਅਵਾਜ ਨਾਲ ਉਸ ਵੇਲੇ ਬਾਲਕ ਸਿੰਘ ਜੀ ਦੀ ਸਮਾਧੀ ਖੁਲ੍ਹੀ ਤੇ ਦਰਸ਼ਨ ਕਰ ਕੇ ਮਸਤ ਹੋ ਗਏ ਤੇ ਕਿਹਾ ਆਪ ਮੈਨੂੰ ਦਸੋ ਜੀ ਆਪ ਗੁਰੂ ਗੋਬਿੰਦ ਸਿੰਘ ਜੀ ਹੋ ਜੀ। ਸ੍ਰੀ ਕਲਗੀਧਰ ਜੀ ਕਿਹਾ ਹੁਣ ਪੁਛਣ ਦੀ ਲੋੜ ਨਹੀਂ ਤੇ ਧਿਆਨ ਨਾਲ ਚੇਤਾ ਕਰੋ। ਅਸੀ ਤੁਹਾਨੂੰ ਗੁਰਗੱਦੀ ਸੌਂਪ ਰਹੇ ਹਾਂ। ਤੁਸੀ ਓਹੋ ਭਾਈ ਬਾਲਾ ਹੀ ਹੋ ਨਾ। ਇਹ ਕਹਿ ਕੇ ਪੰਜ ਪੈਸੇ ਨਰੇਲ ਅਗੇ ਰਖ ਕੇ ਤਿਲਕ ਲਾ ਕੇ ਮੱਥਾ ਟੇਕ ਦਿਤਾ ਤੇ ਪੰਜ ਪ੍ਰਕਰਮਾ ਕਰ ਕੇ ਮਥਾ ਟੇਕ ਕੇ ਕਿਹਾ ਕਿ ਇਹ ਅਮਾਨਤ ਹੈ ਰਖਣੀ ਅਸੀ ਆਪ ਆ ਕੇ ਤੁਹਾਡੇ ਕੋਲੋਂ ਲੈ ਲਵਾਂਗੇ। ਇਹ ਗੁਰਗੱਦੀ ਦੇ ਕੇ ਕਿਹਾ ਕਿ ਇਹ ਅਮਾਨਤ ਅਸੀ ਆਪ ਆ ਕੇ ਲੈ ਲਵਾਂਗੇ ਮੇਰਾ ਨਾਮ ਰਾਮ ਸਿੰਘ ਹੋਵੇਗਾ। ਰਾਮ ਸਿੰਘ ਮੇਰੋ ਹੋਏ ਨਾਮਾ ਬਡੇ। ਸ਼ਬਦ ਨਾਲ ਕਿਹਾ :

**ਚੌਂਕ ਚਾਂਦਨੀ ਖੇਲ ਕਰ ਜਾਏ ਸੋ ਸਣ ਹੀ ਦੇਹ॥**

**ਰਵ ਮੰਡਲ ਬਡ ਸਬਦ ਕਰ ਬਾਤ ਸੁਣਾਵੈ ਏਹ॥**

ਇਹ (ਚੌਂਕ ਚਾਂਦਨੀ ) ਸੂਰਜ ਤੇ ਚੰਦ੍ਰਮਾ ਦਾ ਬ੍ਰਹਿਮੰਡ। ਇਹ ਚਾਂਦਨੀ ਹੈ। ਉਸ ਵੇਲੇ ਉਚੀ ਅਵਾਜ ਨਾਲ ਕਿਹਾ। **ਜਾਮਾ ਪਹਿਰਾਊ ਬਾਰਵਾਂ ਪ੍ਰਗਟ ਆਦਿ ਰਘੁਬੰਸ। ਸੰਗਤ ਮਿਲੇ ਅਨੰਤ ਤਬ ਮਾਨੋ ਕੋਟਿ ਸਹੰਸ।** ਹਜਰੋ ਤੋਂ ਗੁਪਤ ਖੇਲ ਸਾਂਗ ਕਰਕੇ ਤੇ ਨਾਭੇ ਆਏ ਤੇ ਫੇਰ ਆ ਕੇ ਸਚ ਖੰਡ ਨੂੰ ਗਏ। ਸਤਿ ਗੁਰੂ ਬਾਲਕ ਸਿੰਘ ਜੀ ਨੂੰ ਸਾਰੀ ਪਕੀ ਕਰ ਕੇ। ਸਤਿਗੁਰੂ ਬਾਲਕ ਸਿੰਘ ਜੀ ਨੂੰ ਵਸਾਖ ਸੁਦੀ ਦਸਵੀਂ ਵਾਲੇ ਦਿਨ ਸੰਮਤ ੧੮੬੯ ਬਿਕ੍ਰਮੀ ਨੂੰ ਗੁਰਗਦੀ ਸਉਂਪੀ ਤੇ ਸਤਿਗੁਰੂ ਹਰੋ ਨਦੀ ਤੋਂ ਉਠ ਕੇ ਸਿਧੇ ਹੀ ਉਸ ਮਾਈ ਦੇ ਘਰ ਹਜਰੋ ਸ਼ਹਿਰ ਵਿਚ ਆਏ ਜਿਸ ਮਾਈ ਦਾ ਨਾਮ ਮਾਈ ਪ੍ਰਭੀ ਸੀ ਇਹ ਉਹੀ ਮਾਈ ਸੀ ਜੋ ਪਿਛਲੇ ਜਨਮ ਗਨਕਾ ਸੀ ਜਿਸ ਨੂੰ ਸੰਤਾਂ ਨੇ ਤੋਤਾ ਦੇ ਕੇ ਤਾਰਿਆ



Sri Satguru Jagjit Singh Ji eLibrary NamdhariElibrary@gmail.com

ਸੀ। ਸਤਿਗੁਰਾਂ ਕਿਹਾ ਗਨਕਾ ਅਸਾਂ ਤੇਰੇ ਘਰ ਨਉਂ ਮਹੀਨੇ ਰਹਿਣਾ ਹੈ। ਉਸ ਵੇਲੇ ਮਾਈ ਪ੍ਰਭੀ ਨੇ ਹਥ ਜੋੜ ਚਰਨੀ ਸੀਸ ਰਖਕੇ ਧੰਨ ਭਾਗ ਕਹਿ ਕੇ ਕਿਹਾ। ਗੁਰੂ ਜੀ ਘਰ ਬਾਹਰ ਆਪ ਜੀ ਦਾ ਹੀ ਹੈ ਜਿਥੇ ਚਾਹੋ, ਰਹੋ ਜੀ। ਉਥੇ ਗੁਰੂ ਬਾਲਕ ਸਿੰਘ ਜੀ ਨਉ ਮਹੀਨੇ ਰਹੇ ਗੁਪਤ। ਤੇ ਫੇਰ ਸਿੱਖੀ ਦਾ ਪ੍ਰਚਾਰ ਭਜਨ ਦਸ ਦਸ ਕੇ ਸੰਗਤਾਂ ਦਾ ਉਧਾਰ ਕੀਤਾ। ਤੇ ਬਾਰਵੇਂ ਜਾਮੇ ਦੀ ਉਡੀਕ ਹਰ ਵੇਲੇ ਕਰਦੇ ਰਹੇ ਜੋ ਦਸਵੇਂ ਪਾਤਿਸ਼ਾਹ ਕਹਿਆ ਸੀ:

**ਜਾਮਾ ਪਹਿਰਉ ਬਾਰਵਾਂ ਪ੍ਰਗਟ ਆਦਿ ਰਘੁਬੰਸ॥**
**ਸੰਗਤ ਮਿਲੇ ਅਨੰਤ ਤਬ ਮਾਨੋ ਕੋਟਿ ਸਹੰਸ॥**

ਸਾਹਿਬ ਦਸਵੇਂ ਪਾਤਿਸ਼ਾਹ ਜੀ ਕਹਿੰਦੇ ਹਨ। ਬਾਰਵਾਂ ਜਾਮਾ ਆਪ ਅਕਾਲ ਪੁਰਖ ਨਿਰਗੁਣ ਤੋਂ ਸਰਗੁਣ ਸਰੂਪ ਧਾਰ ਕੇ ਆਵੇਗਾ ਆਪ ਪ੍ਰਮੇਸਰ ਗੁਰੂ ਜੀ ਕਹਿੰਦੇ ਹਨ ਕਿ:

**ਦਵਾਦਸ ਪੁਰਖ ਜੋ ਆਦਿ ਸੇ ਸਭਹਨ ਕੇ ਸਿਰਮੌਰ॥**
**ਸ਼ਕਤ ਅਨੰਤੀ ਆਇੰਗੇ ਆਦਿ ਇਹੇ ਨਹੀਂ ਅਉਰ॥**
**ਜਾ ਕਉ ਸੁਰ ਜਸ ਰਟਤ ਹੈ ਸੇਖਕ ਕੋਟਿ ਮਹੇਸ॥**
**ਸੋ ਪ੍ਰਗਟੇਗਾ ਪ੍ਰਿਥੀ ਪਰ ਕੁਲ ਛਤ੍ਰੀਯਨ ਦਨੇਸ॥**

ਜਿਹੜਾ ਆਦਿ ਪੁਰਖ ਪ੍ਰਮੇਸਰ ਹੈ ਉਹੀ ਬਾਰਵਾਂ ਜਾਮਾ ਸਭ ਤੋਂ ਨਿਆਰਾ ਰੂਪ ਧਾਰੇਗਾ ਤੇ ਅਨੰਤ ਸ਼ਕਤੀ ਵਾਲਾ ਹੋਵੇਗਾ। ਐਸਾ ਨਾ ਕੋਈ ਪਹਿਲਾਂ ਆਯਾ ਹੈ ਤੇ ਨਾ ਫੇਰ। ਇਹ ਜਾਮਾ ਸਭ ਦਾ ਸਿਰਤਾਜ ਹੋਵੇਗਾ। ਆਪ ਅਕਾਲ ਪੁਰਖ ਆਵੇਗਾ ਜਿੱਦਾਂ ਸਿਮਰਨ ਸਭ ਦੇਵਤੇ ਬ੍ਰਹਮਾ ਤੇ ਬਿਸ਼ਨ ਸ਼ਿਵਜੀ ਤੇ ਹੋਰ ਸਾਰਾ ਸੰਸਾਰ ਸਿਮਰਦਾ ਹੈ ਉਹ ਧਰਤੀ ਤੇ ਪ੍ਰਗਟ ਹੋਵੇਗਾ। ਸ੍ਰੀ ਰਾਮ ਚੰਦ੍ਰ ਜੀ ਛਤ੍ਰੀ ਕੁਲ ਵਿਚ ਜਿਵੇਂ ਆਏ ਉਸੇ ਤਰ੍ਹਾਂ ਹੀ ਸ੍ਰੀ ਅਕਾਲ ਪੁਰਖ ਬਾਢੀਆਂ ਦੀ ਕੁਲ ਵਿਚ ਆਪ ਪ੍ਰਮੇਸਰ ਆਵੇਗਾ ਮਨੁੱਖ ਰੂਪ ਧਾਰ ਕੇ ਪ੍ਰਗਟੇਗਾ।

## ਸਤਿਗੁਰਾਂ ਦਾ ਸਰੂਪ

**ਕਵਲ ਭ੍ਰੂ ਤਨ ਪ੍ਰਕਾਸਹੀ ਬਪ ਬਾਰਵਾਂ ਬੰਸ**
**ਕੁਸ਼ੂ ਦਿਜਵਰ ਉਦੇ ਹੋਇ ਲਊ ਕਿਰਨ ਸਹੰਸ॥**



Sri Satguru Jagjit Singh Ji eLibrary NamdhariElibrary@gmail.com

ਜਿਸ ਤਰ੍ਹਾਂ ਕਵਲ ਫੁੱਲ ਪਾਣੀ ਵਿਚ ਉਚਾ ਹੋ ਕੇ ਖਿੜਦਾ ਹੈ ਤੇ ਡੰਡੀ ਨਾਲੀ ਕਵਲ ਫੁੱਲ ਦੀ ਬਿਨਾਂ ਗੰਢਾਂ ਤੋਂ ਹੁੰਦੀ ਹੈ। ਏਸੇ ਤਰ੍ਹਾਂ ਹੀ ਬਾਰਵਾਂ ਜਾਮਾ ਸਰੂਪ ਧਾਰੇਗਾ। ਤੇ ਸਰੀਰ ਵਿਚ ਕੋਈ ਗੰਢਾਂ ਨਹੀਂ ਹੋਣਗੀਆਂ। ਧਰਤੀ ਤੇ ਪ੍ਰਕਾਸ਼ਵਾਨ ਹੋਵੇਗਾ ਤੇ ਨਾਲ ਹੀ ਕੁਸ਼ੂ ਤੇ ਲਊ ਪ੍ਰਗਟ ਹੋਣਗੇ ਧਰਤੀ ਤੇ ਸ਼ਕਤ ਧਾਰ ਕੇ ਹਜ਼ਾਰਾਂ ਲੱਖਾਂ ਕਿਰਨਾਂ ਦੇ ਸੂਰਜ ਵਾਂਗ ਪ੍ਰਗਟ ਹੋਣਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜਿਸ ਕੁਲ ਵਿਚ ਰਾਮਗੜੀਆਂ ਦੀ ਕੁਲ ਵਿਚ ਅਵਤਾਰ ਧਾਰਨਗੇ ਉਹੀ ਨਾਮ ਹੋਵੇਗਾ (ਰਾਮ ਸਿੰਘ) ਸੌ ਸਾਖੀ ਵਿਚ ਵੀ ਲਿਖਿਆ ਹੈ:

**ਰਾਮ ਸਿੰਘ ਮੇਰੋ ਹੋਏ ਨਾਮਾ॥ ਬਾਢੀ ਸੁਤ ਭੈਣੀ ਕੋ ਧਾਮਾ॥**

(ਸੌ ਸਾਖੀ)

ਸਤਿਗੁਰੂ ਜੀ ਕਹਿੰਦੇ ਹਨ ਕਿ ਉਸ ਕੁਲ ਨੂੰ:

**ਯਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ॥**
ਪੁਨ **ਦਵਾਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਥਨ ਕਰਦੇ ਹੈਨ ਕਿ ਉਸ ਬਾਰਵੇਂ ਜਾਮੇ ਨੂੰ ਮੇਰੀ ਪ੍ਰਨਾਮ ਨਮਸਕਾਰ ਹੈ ਤੇ ਨਾਲ ਹੀ ਕੁਲ ਨੂੰ।

## ਅਵਤਾਰ ਧਾਰਨਾ

**ਅਠਤਾਲੀ ਸਤ ਵਰਖ ਹੋਇ ਊਪਰ ਵਰਖ ਸਤਾ ਨਵੈ।**

੪੮+੭=(੫੫), ੭+੯=੧੬, ੫੫+੧੬=੭੧

ਇਹ ਸਾਰੇ ਇਕੱਠੇ ਕਰਕੇ ਜਮ੍ਹਾ ਕਰੀਏ ਤਾਂ ੭੧ ਬਣਦੇ ਹੈਨ ਤੇ ਉਪਰ ਕਹਿਆ ਹੈ ਇਸ ਕਰਕੇ ੭੨ ਵਿਚ ੧੯੭੨ ਵਿਚ ਅਵਤਾਰ। ਤਬ ਦਵਾਦਸ ਗੁਰਿੰਡ ਜੀ ਬਪ ਧਾਰੇ ਯਾ ਜਗਤ ਮੇਂ ੧੯੭੧ ਬਿਕ੍ਰਮੀ ਤੋਂ ਉਪਰ ੧੯੭੨ ਬਿਕ੍ਰਮੀ ਨੂੰ ਅਵਤਾਰ ਧਾਰ ਕੇ ਪ੍ਰਗਟ ਹੋਣਗੇ। ਸੰਸਾਰ ਜਗਤ ਵਿਚ:

**ਚਉਪਈ।**

**ਕੁਛ ਕੁ ਕਾਲ ਛਿਤ ਭਾਨ ਸਹਾਵੈ॥**

**ਨਾਗ ਵਸ ਤਬ ਕਿਰਨ ਮਿਲਾਵੈ॥**



Sri Satguru Jagjit Singh Ji eLibrary NamdhariElibrary@gmail.com

**ਸ਼ਾਸਤ੍ਰ ਵੇਦ ਪੁਰਾਨ ਨਿਰਖਾਵੈ ॥**
**ਅਨਕ ਦੇਸ ਬਿਪਰੈਂਚ ਸਿਧਾਵੈ ॥**

ਸਤਿਗੁਰ ਜੀ ਕਥਨ ਕਰਦੇ ਹੈਨ ਕਿ ਕੁਝ ਸਮਾਂ ਧਰਤੀ ਤੇ ਦੇਸ ਵਿਚ (ਪੰਜਾਬ ਦੇਸ) ਵਿਚਰੇਗਾ ਫੇਰ :

ਨਾਗ ਵਸੁ ਤਬ ਕਿਰਨ ਮਿਲਾਵੈ ॥ ਸ਼ਾਸਤ੍ਰ ਵੇਦ ਪੁਰਾਨ ਨਿਰਖਾਵੈ ॥

੯ + ੮ + ੨ = ੧੯    ੬ + ੪ + ੧੮ = ੨੮

ਇਹ ਸੰਮਤ ਬਿਕ੍ਰਮੀ ੧੯੨੮ ਦਸਿਆ ਹੈ। ਗੁਰੂ ਕਲਗੀਧਰ ਜੀ ਇਹ ਸੰਮਤ ਦਾ ਸਮਾਂ ਬਾਰਵੇਂ ਜਾਮੇ ਦੇ ਪ੍ਰਦੇਸ ਚਲੇ ਜਾਣ ਦਾ ਦਸਿਆ ਹੈ। ਹੋਰ ਦੇਸਾਂ ਵਿਚ ਚਲੇ ਜਾਣਗੇ ਤੇ ਕੁਝ ਸਮਾਂ ਪ੍ਰਦੇਸ ਰਹਿਣਗੇ ਤੇ ਫੇਰ ਦੇਸ ਪੰਜਾਬ ਵਿਚ ਆ ਜਾਣਗੇ। ਦੇਸ ਆਉਣ ਦਾ ਸੰਮਤ ਇਸ ਤਰ੍ਹਾਂ ਦਸ ਰਹੇ ਹਨ ਗੁਰੂ ਕਲਗੀਧਰ ਜੀ।

**ਏਕ ਹਜ਼ਾਰ ਮਧ ਨਉਂ ਸੈ ਆਵੈ ॥**
**ਏਕੇ ਆਗੇ ਸਾਤਾ ਲਾਵੈ ॥**
**ਪ੍ਰਗਟ ਬਾਰਵਾਂ ਬਪ ਦਰਸਾਵੈ ॥**

ਇਹ ਵੀ ਅਖਰ ਸਤਿਗੁਰ ਜੀ ਕਥਨ ਕਰਦੇ ਹਨ ਤੇ ਦਸਦੇ ਹਨ ਇਕ ਹਜਾਰ ਮੱਧ ਨੌ ਸੈ। ਹਜਾਰ ਦਾ ਅਧ ੫੦੦ ਅਤੇ ੯੦੦ ਨੂੰ ਕਠੇ ਕਰਨ ਤੇ ੧੪੦੦ ਬਣਦਾ ਹੈ ਤੇ ਚੌਦਾਂ ਸੌ ਦੇ ਅਗੇ ਏਕਾ ਤੇ ਸਾਤਾ ਭਾਵ ੧੭ (ਸਤਾਰਾਂ) ਹੈ (੧੪੧੭ ਹਿਜਰੀ) ਸੰਨ ਹੈ। ਸਤਿਗੁਰੂ ਜੀ ਬਾਰਵਾਂ ਜਾਮਾ ਪ੍ਰਗਟ ਦੇਸ ਵਿਚ ਦਰਸਨ ਦੇਣਗੇ ਆਪਣੇ ਆਸ਼੍ਰਮ ਅਸਥਾਨ ਤੇ ਤੇ ਫੇਰ :

**ਨਰ ਨਾਰੀ ਕੋ ਨਾਮ ਜਪਾਵੈ ॥**

ਨਰ ਨਾਰੀ ਨੂੰ ਨਾਮ ਜਪਾਉਣਗੇ।

**ਤਿਸ ਦਿਨ ਹੋਇ ਬੀਸੀ ਕੋ ਬਾਸਾ ਪ੍ਰਗਟੇ ਸਾਹਿਬ ਕਰੇ ਤਮਾਸਾ ॥**

ਉਸ ਵੇਲੇ ਸੰਮਤ ਬੀਸੀ ਵਿਸ਼ਨੂੰ ਦੀ ਹੋਵੇਗੀ। ਏਥੇ ਦਸਦਿਆਂ ਕਿ ਬ੍ਰਹਮਾ-ਬਿਸ਼ਨ-ਮਹੇਸ਼ ਤਿੰਨਾਂ ਹੀ ਦੇਵਤਿਆਂ ਦੀਆਂ ਤਿੰਨ ਬੀਸੀਆਂ ਹੈਨ। ਬੀਸੀ ੨੦ ਸਾਲ ਹੁੰਦੀ ਹੈ ਤੇ ਇਹ ਤਿੰਨੇ ਹੀ ਵਾਰੀ ਵਾਰੀ ਵੀਹ ਵੀਹ ਸਾਲ



Sri Satguru Jagjit Singh Ji eLibrary NamdhariElibrary@gmail.com

ਪਿਛੋਂ ਲਗਦੀਆਂ ਹੈਨ ਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਬਾਣੀ ਰਾਹੀਂ ਪ੍ਰਗਟ ਕਰਦੇ ਹਨ ਕਿ :

**ਤਿਸ ਦਿਨ ਹੋਇ ਬੀਸੀ ਕੋ ਬਾਸਾ ॥**
**ਪ੍ਰਗਟੇ ਸਾਹਿਬ ਕਰੇ ਤਮਾਸਾ ॥**

ਪ੍ਰਗਟ ਦਰਸਨ ਦੇ ਕੇ ਖੇਲ ਕਰਨਗੇ ਤੇ ਉਸ ਵੇਲੇ ਬਿਕ੍ਰਮੀ ਸੰਮਤ ਨੰਦਾ ਸੰਮਤ ਹੋਏਗਾ ਤੇ ਹੁਣ ਬਿਕ੍ਰਮੀ ਸੰਮਤ ਦਾ ਨਾਮ ਸੰਮਤ ਸਰ ਹੈ ਤੇ ਉਸ ਵੇਲ਼ੇ ਨੰਦਾ ਨਾਮ ਹੋਵੇਗਾ।

**ਨੰਦਾ ਨਾਮ ਸੰਮਤ ਕੋ ਗਾਊ ॥**
**ਕਲਾ ਧਾਰ ਕੇ ਆਸ਼੍ਰਮ ਆਊ ॥**
**ਤਹਿ ਦਿਨ ਬਿਸ਼ਨ ਬੀਸੀ ਠਹਿਰਾਊ ॥**
**ਕਲਜੁਗ ਮੇਂ ਸਤਿ ਜੁਗ ਵਰਤਾਊ ॥**

ਸਤਿਗੁਰ ਜੀ ਕਹਿੰਦੇ ਹੈਨ ਕਿ ਬਾਰਵਾਂ ਜਾਮਾ ਪ੍ਰਦੇਸ ਵਿਚੋਂ ਦੇਸ ਵਿਚ ਆ ਕੇ ਆਪਣੇ ਆਸ਼ਰਮ ਸੰਘਾਸਣ ਤੇ ਸਭਨੂੰ ਦਰਸ਼ਨ ਦੇਣਗੇ। ਅਨੰਤ ਕਲਾ ਦੇ ਮਾਲਕ ਆ ਕੇ ਕਲਜੁਗ ਵਿਚ ਸਤਿਜੁਗ ਲਉਣਗੇ ਸਭ ਨੂੰ ਨਾਮ ਜਪੌਣਗੇ ਤੇ ਬੀਸੀ ਵਿਸ਼ਨੂੰ ਜੀ ਦੀ ਹੋਵੇਗੀ ਤੇ ਸੰਮਤ ਨਾਮ ਨੰਦਾ ਹੋਵੇਗਾ। ਉਸ ਸਮੇਂ ਵੀ ਛੇਵੀਂ ਥਿਤ (ਖਸਟਮੀ) ਵੀਰਵਾਰ ਹੀ ਹੋਵੇਗਾ। ਜਿਸ ਦਿਨ ਅਵਤਾਰ ਧਾਰ ਕੇ ਧਰਤੀ ਤੇ ਆਏ ਸਨ ਉਹੀ ਥਿਤਵਾਰ ਪ੍ਰਦੇਸੋਂ ਦੇਸ ਆਉਣਗੇ। ਭਸਮੰਤ ਨਗਰ (ਸ੍ਰੀ ਭੈਣੀ ਸਾਹਿਬ) ਸਤਲੁਜ ਦਾ ਕਨਾਰਾ (ਕੰਢਾ) ਮਹਾਬਲੀ ਸਤਿਗੁਰੂ ਸਭ ਤਰ੍ਹਾਂ ਨਾਲ ਪੂਰਾ ਆਪ ਸਰਬ ਸ਼ਕਤੀਮਾਨ ਸਭ ਗੁਣ ਪੂਰਾ ਪ੍ਰਦੇਸ ਤੋਂ ਦੇਸ ਆਵੇਗਾ। ਸਤਿਗੁਰੂ ਜੀ ਕਹਿੰਦੇ ਹਨ ਕਿ:

**ਥਿਤ ਖਸ਼ਟਮੀ ਸੁਰ ਗੁਰ ਵਾਰਾ ॥ ਭਸਮੰਤ ਨਗਰ ਸਤਲੁਧਰ ਕਿਨਾਰਾ ॥**
**ਸਾਹਿਬ ਨਾਮ ਮਹਾਂਬਲ ਬੀਰੰ ॥ ਪੂਰਨ ਪੁਰਖ ਗੁਣਵੰਤ ਗੰਭੀਰੰ ॥**
**ਸਵੇਤ ਸਿੰਘ ਧਰ ਰੂਪ ਦਿਖਾਵੇ ॥ ਦਾਮਨ ਗਰਜ ਸਬਦ ਮੁਖੋਂ ਆਵੇ ॥**

**ਸਫੈਦ ਚਿਟਾ ਬਾਣਾ ਅਤੇ ਸ਼ੇਰ ਵਾਂਗ ਗਜੇਗਾ ਤੇ ਮੁਖ ਚੋਂ ਸਬਦ (ਭਜਨ) ਦੀ ਵਾਜ ਬਿਜਲੀ ਗਜਣ ਵਾਂਗ ਆਵੇਗੀ :**



Sri Satguru Jagjit Singh Ji eLibrary NamdhariElibrary@gmail.com

**ਤੇਜ ਤੁਰਕ ਕੋ ਐਸੇ ਜਾਈ ॥ ਜੈਸੇ ਘਾਸ ਕੋ ਅਗਨ ਲਗਾਈ ॥**

ਤੁਰਕ ਦਾ ਤੇਜ ਤੇ ਖਾਤਮਾ ਇਸ ਤਰਾਂ ਹੋਵੇਗਾ। ਜਿਸ ਤਰ੍ਹਾਂ ਘਾਹ ਨੂੰ ਅੱਗ ਲਗੇ ਤੇ ਉਹ ਭਸਮ ਹੋ ਜਾਂਦਾ ਹੈ ਇਸ ਤਰ੍ਹਾਂ ਤੁਰਕ ਖਤਮ ਹੋਣਗੇ। ਐਸੀ ਸ਼ਕਤ ਆਵੇਗੀ ਜਿਸ ਕਰ ਕੇ ਤੁਰਕਾਂ ਦੀ ਸੁੰਨਤ ਕੀਤੀ ਹੋਈ ਸਾਬਤ ਸੂਰਤ ਹੋ ਜਾਵੇਗੀ।

**ਸਾਹਿਬ ਐਸੀ ਸ਼ਕਤ ਪਠਾਵੇ ॥ ਸੁੰਨਤ ਕਰੀ ਤੁਰਕਨ ਅੰਗ ਲਾਵੇ ॥**
**ਵਹਿ ਕਾਟੇਂ ਵਹਿਫੁਨ ਲਗ ਜਾਵੇ ॥ ਤੇਜ ਜੋਤ ਐਸੇ ਬਲ ਪਾਵੇ ॥**

ਉਹ ਸੁੰਨਤ ਕਰਨਗੇ ਤੇ ਸ਼ਕਤ ਉਸੇ ਵੇਲੇ ਸਾਬਤ ਕਰ ਦੇਵੇਗੀ ਸ਼ਕਤੀ ਦਾ ਐਸਾ ਬਲ ਪਵੇਗਾ :

**ਸਿਰ ਧਰ ਕੇਸਨ ਕੰਠੇ ਮਾਲਾ ॥ ਦੀਨ ਦਿਜਨ ਕਾ ਹੋਏ ਰਖਵਾਲਾ ॥**

ਸੀਸ ਤੇ ਕੇਸ ਤੇ ਗਲ ਵਿਚ ਮਾਲਾ ਸੋਭਾ ਪਾਵੇਗੀ। ਐਸਾ ਰੂਪ ਧਾਰੇਗਾ ਕਿ ਗਰੀਬਾਂ ਦਾ ਗਊਆਂ ਦਾ, ਸੰਤਾਂ ਦਾ ਰਖਵਾਲਾ ਹੋਵੇਗਾ।

**ਧਣਖ ਬਾਣ ਲੈ ਅਸੁਰ ਸੰਘਾਰੇ ॥ ਸਭ ਮਲੇਛ ਕੋ ਮੂਲ ਉਖਾਰੇ ॥**

ਧਣਖ ਬਾਣੁ (ਮਾਲਾ) ਹੀ ਫੜੇਗਾ। ਇਕ ਥਾਂ ਸੌ ਸਾਖੀ ਵੀ ਲਿਖਿਆ ਹੈ :

**ਸ਼ਸਤਰ ਛੋਡ ਬਿਪ੍ਰਨ ਕੀ ਰੀਤ ॥**

ਸ਼ਸਤ੍ਰ ਨਹੀਂ ਫੜੇਗਾ ਮਾਲਾ ਹੀ ਫੜੇਗਾ ਤੇ ਫੜਾਵੇਗਾ। ਸਭ ਮਲੇਛਾਂ ਦਾ ਨਾਸ ਕਰੇਗਾ ਮਲੇਛਾਂ ਦਾ ਮੁਢ ਹੀ ਪੁਟ ਦੇਵੇਗਾ।

**ਮੋਰ ਮੁਕਟ ਪੀਤੰਬਰ ਸਾਜੇ ॥ ਸ਼ਾਮ ਰੂਪ ਹੋਇ ਘਣੀਯਰ ਗਾਜੇ ॥**

ਜਿਵੇਂ ਦੁਆਪਰ ਵਿਚ ਕ੍ਰਿਸ਼ਨ ਜੀ ਸ਼ਾਮ ਰੂਪ ਹੋ ਕੇ ਖੇਲ ਕਰ ਕੇ ਦੁਸ਼ਟਾਂ ਦਾ ਨਾਸ ਕੀਤਾ। ਤ੍ਰੇਤੇ ਵਿਚ ਰਾਮ ਰੂਪ ਧਾਰਯਾ ਤੇ ਦੈਤਾਂ ਦਾ ਨਾਸ ਕੀਤਾ ਦੁਆਪਰ ਵਿਚ ਆਪ ਕ੍ਰਿਸ਼ਨ, ਸ਼ਾਮ ਰੂਪ ਹੋ ਕੇ ਖੇਲ ਕੀਤੇ। ਉਸੇ ਤਰਾਂ ਕਲਜੁਗ ਦੇ ਵਿਚ ਆਪ ਦੈਂਤਾ ਦਾ ਨਾਸ ਕਰਨਗੇ :

**ਸੁਤੇ ਪ੍ਰਕਾਸ਼ ਚਿਤਰ ਹੋਇ ਏਹੀ ॥ ਆਦਿ ਜੁਗਾਦਿ ਕੀ ਧਾਰੇ ਦੇਹੀ ॥**

ਇਹ ਚਰਿਤ੍ਰ ਐਸਾ ਹੋਵੇਗਾ ਕਿ ਇਹ ਅਵਤਾਰ ਜਿਸ ਤਰ੍ਹਾਂ ਧਾਰਿਆ



Sri Satguru Jagjit Singh Ji eLibrary NamdhariElibrary@gmail.com

ਉਹੀ ਇਸ਼ਾਰਾ ਸਤਿਗੁਰ ਜੀ ਦਸਦੇ ਹਨ। ਸੁਤੇ ਪ੍ਰਕਾਸ਼ ਰੂਪ ਧਾਰੇਗਾ ਆਪ ਅਕਾਲ ਪੁਰਖ। ਗਰਭ ਵਿਚ ਨਹੀਂ ਆਵੇਗਾ:

**ਕਲਜੁਗ ਤੇ ਸਤਿਜੁਗ ਕਰ ਠਾਨੋ ॥**
**ਤਬ ਹੀ ਬਾਰਵਾਂ ਬਪ ਪਹਿਚਾਨੋ ॥**

ਕਲਜੁਗ ਵਿਚ ਸਤਿਜੁਗ ਲਾ ਦੇਣਗੇ ਬਾਰਵਾਂ ਗੁਰੂ ਪਛਾਣ ਲੈਣਾ ਕਿ ਇਹ ਬਾਰਵਾਂ ਗੁਰੂ ਹੈ।

**ਮਹਾਂ ਮੰਦੇ ਮਤ ਮੂਲ ਉਖਾਰੇ ਬਹੁਰ ਨਿਵਾਸ ਸਤ ਲੁਧਰ ਕਿਨਾਰੇ ॥**
**ਦੇਖ ਦੇਖ ਸਤਲੁਧ ਹਰਖਾਈ ਤਹਿ ਮੋ ਲਛ ਧਰੀ ਸੇ ਲੇਤ ਕਢਾਈ ॥**
**ਸ਼ਕਤ ਕੁੰਡ ਉਸ ਅਵਨੀ ਜਾਵੈ ਪੀਤੰਬਰ ਕਢ ਚੀਰ ਲਿਆਵੈ ॥**
**ਜਹਾਂ ਸ਼ਸਤ੍ਰ ਅਵਨੀ ਢਪ ਰਾਖੇ ॥ ਖਿਨ ਮਹਿ ਖੋਦ ਲੇਤ ਸਭ ਲਾਖੇ ॥**
**ਉਸ ਤੇ ਬਾਤ ਦੂਰੀ ਨਹੀਂ ਕੋਈ ॥ ਆਦਿ ਅੰਤ ਮਧ ਜੋ ਸੋਈ ॥**

ਮਹਾਂ ਮਤ ਭੈੜੀ ਮੱਤ ਰਾਕਛਾਂ ਵਾਲੀ ਮੱਤ ਦੈਤਾਂ ਵਾਲੀ ਮੱਤ ਦਾ ਮੂਲ ਮੁਢ ਹੀ ਪੁਟਣਗੇ ਤੁਰਕਾਂ ਰਾਕਸ਼ ਬੁਧ ਵਾਲੇ ਦੈਂਤਾਂ ਦਾ ਨਾਸ਼ ਕਰ ਦੇਣਗੇ ਬਾਰਵਾਂ ਜਾਮਾ ਜੀ। ਸਤਲੁਜ ਦੇਖ ਦੇਖ ਕੇ ਖੁਸ਼ੀ ਹੋਵੇਗਾ ਤੇ ਅਰਜ ਕਰੇਗਾ ਕਿ ਜਿਹੜੀ ਮਾਇਆ ਆਪ ਜੀ ਨੇ ਮੇਰੇ ਕੋਲ ਧਰੀ ਹੋਈ ਹੈ ਉਹ ਲੈ ਲਵੋ ਜੀ ਸ਼ਕਤੀਆਂ ਦੇ ਮਾਲਕ ਉਸ ਥਾਂ ਤੇ ਜਾਣਗੇ ਤੇ ਸਾਰੀ ਮਾਇਆ ਬਸਤ੍ਰ-ਸ਼ਸਤ੍ਰ ਕਢਵਾ ਲੈਣਗੇ। ਸਤਿਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਦੇ ਕੋਲੋਂ ਕੋਈ ਗਲ ਲੁਕੀ ਹੋਈ ਨਹੀਂ ਹੈ। ਉਹ ਬਾਰਵਾਂ ਜਾਮਾ ਆਦਿ ਅੰਤ ਮਧ ਸਭ ਆਪ ਹੀ ਹੈ। ਸਭ ਤਰ੍ਹਾਂ ਨਿਰੰਕਾਰ ਕਰਤਾ ਪੁਰਖ ਹੈ।

**ਦੀਪ ਸਾਤ ਜੁਰ ਸੰਗਤ ਆਵੈ ॥**
**ਭਵਨ ਚਤਰ ਦਸ ਸੀਸ ਨਿਵਾਵੈ ॥**
**ਕੋਟਿ ਬ੍ਰਹਿਮੰਡ ਜਾ ਕੇ ਅਵਤਾਰਾ ॥**
**ਆਦਿ ਜੁਗਾਦਿ ਇਨਹੀ ਬਪਧਾਰਾ ॥**
**ਸੁਰਭੀ ਬਿਪ੍ਰਨ ਕੇ ਰਖਵਾਰੇ ॥**
**ਧੰਨ ਵਹਿ ਦਿਵਸ ਪ੍ਰਗਟ ਬਪਧਾਰੇ ॥**



Sri Satguru Jagjit Singh Ji eLibrary NamdhariElibrary@gmail.com

ਸਤਾਂ ਦੀਪਾਂ ਦੀ ਸੰਗਤ ਕਠੀ ਹੋ ਕੇ ਆਵੇਗੀ ਦਰਸਨ ਕਰਨ। ਤੇ ਚੌਦਾਂ ਭਵਨ ਦਰਸਨ ਕਰ ਕੇ ਸੀਸ ਝੁਕਾਵਨਗੇ। ਕਰੋੜਾਂ ਬ੍ਰਹਮੰਡਾਂ ਵਿਚ ਇਹਨਾਂ ਦੇ ਹੀ ਅਵਤਾਰ ਹੈਨ ਆਦਿ ਜੁਗਾਦਿ ਇਹੀ ਨਿਰਗੁਣ ਤੋਂ ਸਰਗੁਣ ਰੂਪ ਧਾਰਦੇ ਹਨ। ਗਊ ਗ੍ਰੀਬ ਤੇ ਸੰਤਾਂ ਭਗਤਾਂ ਦੇ ਰਖਵਾਲੇ। ਧੰਨ ;ਉਹ ਦਿਨ ਹੋਵੇਗਾ ਪ੍ਰਗਟ ਰੂਪ ਧਾਰ ਕੇ ਧਰਤੀ ਦਾ ਭਾਰ ਉਤਾਰਨਗੇ।

**ਕੋਟਿ ਚਤਰ ਦਸ ਧਰੇ ਸਮਾਧਾ॥ ਗਿਰ ਸਹਾਦਰ ਜੋਗ ਤਪ ਸਾਧਾ॥**
**ਵੇਦ ਮਈ ਕੇ ਸਗਲੇ ਨੰਦਨ॥ ਦੁਵਾਦਸ ਗਾਤ ਾਰਤ ਸਭ ਬੰਦਨ॥**
**ਸਤਿਜੁਗ ਬੀਚ ਕਥਾ ਸੁਣ ਪਾਈ॥ ਸੁਕ ਪ੍ਰੀਛਤ ਪ੍ਰਤਿ ਭਾਖ ਸੁਣਾਈ॥**

ਗੁਰੂ ਕਲਗੀਧਰ ਜੀ ਇਹ ਕਥਾ ਸੰਗਤ ਨੂੰ ਦਸ ਰਹੇ ਹਨ ਕਿ ਜਦੋਂ ਸਤਿਜੁਗ ਵਿਚ ਕਥਾ ਸੁਣੀ ਬ੍ਰਹਮਾ ਦੀ ਸਾਰੀ ਅਉਲਾਦ ਨੇ ਕਿ ਕਲਜੁਗ ਵਿਚ ਬਾਰਵਾਂ ਜਾਮਾ ਇਸ ਤਰ੍ਹਾਂ ਦਾ ਆਪ ਅਕਾਲ ਪੁਰਖ ਹੋਵੇਗਾ। ਇਹ ਸੁਣ ਕੇ ਸਾਰੇ ਹੀ ਚੌਂਦਾਂ ਕਰੋੜ ਹੀ ਸਹਾਦਰ ਗਿਰ ਪਹਾੜ ਤੇ ਚਲੇ ਗਏ ਤੇ ਸਭਨੂੰ ਬਾਰਵੇਂ ਜਾਮੇ ਦੇ ਦਰਸਨ ਦੀ ਖਿਚ ਲਗੀ ਤੇ ਸਾਰੇ ਸਹਾਦਰ ਗਿਰ ਪਹਾੜ ਤੇ ਜਾ ਕੇ ਤਪ ਕਰਨ ਲਗ ਪਏ ਤੇ ਡੰਡਉਤਾਂ ਤੇ ਬੰਦਨਾਂ ਕਰਦੇ ਹਨ ਬਾਰਵੇਂ ਗੁਰੂ ਜੀ ਨੂੰ। ਸੁਕਦੇਵ ਜੀ ਕੋਲੋਂ ਭੋਗਲ ਪੁਰਾਨ ਦੀ ਕਥਾ ਸੁਣੀ। ਉਹੀ ਸਾਰੀ ਕਥਾ ਸੁਕਦੇਵ ਜੀ ਨੇ ਰਾਜੇ ਪ੍ਰੀਛਤ ਨੂੰ ਸੁਣਾਈ ਤੇ ਉਹੀ ਕਥਾ ਸੁਣ ਕੇ ਸਤਿਜੁਗ ਵਿਚ ਬ੍ਰਹਮਾ ਦੇ ਪੁਤਰ ਬਾਰਵੇਂ ਜਾਮੇ ਜੀ ਨੂੰ ਬੰਦਨਾ ਕਰਦੇ ਹਨ ਤੇ ਸਹਾਦਰਗਿਰ ਪਹਾੜ ਤੇ ਜਾ ਕੇ ਤਪ ਕਰਨ ਲਗ ਪਏ ਤੇ ਕਪਾਲ (ਤਾਲੂ) ਵਿਚ ਜੂੜਾ ਕਰ ਲਿਆ। ਤਪ ਕਰਨ ਲਗ ਪਏ।

**ਜੁਰਾ ਧਾਰ ਕਪਾਲ ਤਿਨ ਲੀਨਾ॥**
**ਤਪ ਅਰੰਭ ਤਹਾਂ ਤਿਨ ਕੀਨਾ॥**
**ਦੁਆਦਸ ਲਗੇ ਗੁਰਿਡ ਧਿਆਨਾ॥**
**ਮੰਤ੍ਰ ਗੁਰੂ ਸਾਹਿਬ ਤਿਨ ਠਾਨਾ॥**
**ਏਕ ਪਾਵ ਅਵਨੀ ਪਰ ਖਰੇ॥**
**ਰਸਨਾ ਗੁਰੂ ਸਾਹਿਬਚਿਤ ਰਰੈ॥**
**ਉਨਹਿਨਿਰਖਤ ਅਬ ਲੌ ਗੁਰ ਠਾਢੇ॥**



Sri Satguru Jagjit Singh Ji eLibrary NamdhariElibrary@gmail.com

ਪ੍ਰਿਥਮ ਜੁਗਤਿਨ ਕੇ ਮਨ ਗਾਡੇ॥
ਸੁਕਪ੍ਰਸਾਦਿ ਤਿਨਹੂੰ ਮਤ ਪਾਈ॥
ਜਾਏ ਸਮਾਧ ਸਹਾਦਰ ਲਾਈ॥

ਬਾਰਵੇਂ ਗੁਰੂ ਦੇ ਵਲ ਧਿਆਨ ਲਾ ਲਿਆ ਸਤਿਗੁਰਾਂ ਦਾ ਹੀ ਮੰਤਰ ਮਨ ਵਿਚ ਧਾਰ ਕੇ ਜਾਪ ਜਪਨ ਲਗੇ। ਇਕ ਪੈਰ ਤੇ ਖਲੋ ਰਸਨਾ ਨਾਲ ਜਾਪ ਕਰਨ ਲਗੇ ਤੇ ਧਿਆਨ ਲਾ ਕੇ ਤਕ ਰਹੇ ਹਨ ਕਿ ਹੁਣ ਦਰਸਨ ਹੁੰਦਾ ਏ ਤੇ ਉਡੀਕ ਵਿਚ ਹਨ ਕਿ ਕੇਹੜੇ ਵੇਲੇ ਦਰਸਨ ਹੋ ਜਾਵੇ। ਇਸ ਤਰ੍ਹਾਂ ਜਾਪਦਾ ਕਿ ਹੁਣ ਵੀ ਗੁਰੂ ਜੀ ਸਾਡੇ ਸਾਹਮੇਣ ਖਲੋਤੇ ਹਨ। ਇਸ ਤਰ੍ਹਾਂ ਨਾਲ ਤਕ ਰਹੇ ਹਨ। ਸਤਿਜੁਗ ਤੋਂ ਲੈ ਕੇ ਉਹ ਤਪ ਕਰ ਰਹੇ ਹਨ ਤੇ ਉਡੀਕ ਵਿਚ ਹਨ। ਸਤਿਜੁਗ ਤੋਂ ਹੀ ਸਤਿਗੁਰਾਂ ਦੀ ਉਡੀਕ ਵਿਚ ਹਨ ਤੇ ਮਨ ਗਡੇ ਹੋਏ ਹਨ। ਸੁਕਦੇਵ ਜੀ ਦੀ ਕਿਰਪਾ ਨਾਲ ਇਹ ਮਤ ਪਾਈ ਹੈ ਤੇ ਸਹਾਦਰਗਿਰ ਪਹਾੜ ਤੇ ਜਾ ਕੇ ਸਮਾਧੀ ਲਾਈ ਹੈ। ਉਹ ਭਾਗਾਂ ਵਾਲਾ ਦਿਨ ਆਵੇ।

ਦੋਹਰਾ॥
ਪ੍ਰਭਵਾ ਸੰਮਤ ਦਸ ਅਠੇ ਜਬੈ ਤ੍ਰਵੰਜਾ ਹੋਇ॥
ਬੇਦ ਮਈ ਸੁਤ ਤਬ ਮਿਲੈ ਲੋਪ ਗਾਤ ਕਰ ਸੋਇ॥
ਭਗਵਤ ਕੋ ਮਤ ਪਰਖ ਕਰ ਸੀਸ ਨਿਵਾਵਨ ਬਿਧ ਪੂਤ॥
ਕੋਟਿ ਚਤਰ ਦਸ ਸਿਖ ਭਯੋ ਮਹਾਂਬਲੀ ਅਵਧੂਤ॥

ਸਤਿਗੁਰੂ ਕਲਗੀਧਰ ਜੀ ਦਸਦੇ ਹਨ ਕਿ ਜਦੋਂ ਪ੍ਰਭਵਾ ਸੰਮਤ (ਉਸਸੰਮਤ ਦਾ ਨਾਮ ਪ੍ਰਭਵਾ) ਹੋਇਗਾ ਤੇ ਅਠਾਰਾਂ ਸੌ ਤ੍ਰਵੰਜਾ ਹੋਏਗਾ ਉਦੋਂ ਉਹ ਸਾਰੇ ਸਤਿਗੁਰ ਬਾਰਵੇਂ ਜੀ ਨੂੰ ਮਿਲਣਗੇ ਤੇ ਚੌਦਾਂ ਕਰੋੜ ਹੀ ਉਹ ਸਾਰੇ ਸਿਖ ਸਤਿਗੁਰਾਂ ਦੇ ਹੀ ਬਣ ਜਾਵਨਗੇ ਬੜੇ ਬਲੀ ਜੋਧੇ ਹੋਣਗੇ

ਚੌਪਈ॥
ਦਸ ਅਠ ਜਬੈ ਤ੍ਰਵੰਜਾ ਆਵੈ॥ ਪ੍ਰਭਵਾ ਸੰਮਤ ਨਾਮ ਨਿਰਖਾਵੈ॥
ਤਬ ਵਹੁ ਬੇਦ ਮਈ ਕੇ ਤਾਤਾ॥ ਤਜੇਂ ਸਹਾਦਰ ਬਪ ਧਰ ਆਤਾ॥
ਸੋ ਸੁਣ ਹੈਂ ਅਕਾਸ਼ ਤੇ ਬਾਣੀ॥ ਪ੍ਰਗਟੀ ਅੰਸਾ ਸਾਰੰਗ ਪਾਣੀ॥


Sri Satguru Jagjit Singh Ji eLibrary NamdhariElibrary@gmail.com

ਜਦੋਂ ਅਠਾਰਾਂ ਸੌ ਤ੍ਰਵੰਜਾ ਸੰਮਤ ਪ੍ਰਭਵਾ ਨਾਮ ਦਾ ਆਵੇਗਾ ਉਦੋਂ ਉਹ ਚੌਦਾਂ ਕਰੋੜ ਬ੍ਰਹਮਾ ਦੇ ਪੁਤਰ ਸਹਾਦਰਗਿਰ ਪਹਾੜ ਤੋਂ ਆ ਜਾਣਗੇ ਧਰਤੀ ਤੇ ਜਨਮ ਲੈ ਲੈਣਗੇ ਉਹਨਾਂ ਨੂੰ ਅਕਾਸ਼ਬਾਣੀ ਹੋਵੇਗੀ ਕਿ ਅਕਾਲ ਪੁਰਖ ਨੇ ਮਾਤ ਲੋਕ ਤੇ ਅਵਤਾਰ ਲਿਆ ਹੈ। ਉਹ ਸਾਰੇ ਸੁਣ ਕੇ ਅਕਾਸ਼ਬਾਣੀ ਮਾਤ ਲੋਕ ਤੇ ਜਨਮ ਧਾਰ ਲੈਣਗੇ ਬੜੇ ਖੁਸ਼ੀ ਹੋਣਗੇ।

**ਲੈ ਹੈ ਭੋਗਲ ਦਵਾਦਸ ਸਕੰਦਾ ॥ ਲਖਣ ਨਿਰਖੇ ਰਿਖ ਬਿਧ ਨੰਦਾ ॥**
**ਜਾਮਾ ਦੁਆਦਸ ਦੇਖ ਪਤੀਜੈਂ ॥ ਸਭ ਜਗ ਨਿਵੈ ਗੁਰੂ ਕਰ ਲੀਜੈਂ ॥**

ਜੋ ਭੋਗਲ ਪੁਰਾਨ ਦੇ ਬਾਰਵੇਂ ਸਕੰਦ ਵਿਚ ਲਛਣ ਲਿਖੇ ਹਨ ਉਹਸਾਰੇ ਲਛਣ ਦੇਖ ਕੇ ਪ੍ਰਸੰਨ ਖੁਸ਼ੀ ਹੋਣਗੇ ਬਾਰਵੇਂ ਜਾਮੇ ਦਾ ਦਰਸਨ ਕਰਕੇ ਸਭ ਦੇ ਮਨ ਪਤੀਜ ਜਾਣਗੇ ਤੇ ਸਾਰੇ ਚਰਨੀ ਪੈ ਜਾਣਗੇ ਤੇ ਗੁਰੂ ਧਾਰ ਲੈਣਗੇ॥

**ਹਰਖ ਹੋਇ ਵਹਿ ਗਿਰ ਤੇ ਧਾਵੈ ॥**
**ਗੁਰੂ ਸਾਹਿਬ ਕੇ ਪਗਲਪਟਾਵੈਂ ॥**

ਖੁਸ਼ੀ ਹੋ ਕੇ ਸਹਾਦਰ ਗਿਰ ਪਹਾੜ ਤੋਂ ਆਉਣਗੇ ਤੇ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਢਹਿ ਪੈਣਗੇ।

**ਖਟ ਅਠ ਕੋਟਿ ਦਿਜਨ ਸਿਖ ਹੋਵੈ ॥**
**ਮਿਟੇ ਅਗਿਆਨ ਭਰਮ ਸਭ ਖੋਵੈ ॥**
**ਗੁਰ ਪ੍ਰਤਿ ਸਭ ਡੰਡਉਤਾਂ ਕਰੈਂ ॥**
**ਖਟ ਅਠ ਕੋਟਿ ਦਿਜਵਰ ਸਿਖ ਧਰੈ ॥**

ਚੌਂਦਾਂ ਕਰੋੜ ਸਿਖ ਮਰਯਾਦਾ ਧਾਰਨ ਕਰ ਲੈਣਗੇ ਤੇ ਸਤਿਗੁਰਾਂ ਨੂੰ ਸਭ ਡੰਡਉਤਾਂ ਕਰਨਗੇ ਮਥੇ ਟੇਕਣਗੇ।

**ਤਬ ਗੁਰ ਕਹੇ ਕਰਹੁ ਇਹ ਕਾਮਾ ॥**
**ਕਰਹੁ ਨਿਵਾਸ ਚਾਰ ਹੀ ਧਾਮਾ ॥**

ਫੇਰ ਸਤਿਗੁਰੂ ਜੀ ਬਾਰਵਾਂ ਜਾਮਾ ਜੀ ਹੁਕਮ ਦੇਣਗੇ ਕਿ ਤੁਸੀ ਸਭ ਚਾਰੋਂ ਧਾਮ ਚਵੀਂ ਪਾਸੀਂ ਚਵਾਂ ਕੂਟਾਂ ਵਿਚ ਜਾ ਨਿਵਾਸ ਕਰੋ:



Sri Satguru Jagjit Singh Ji eLibrary NamdhariElibrary@gmail.com

**ਸੁਣ ਗੁਰ ਬਚਨ ਸਭੀ ਉਠ ਧਾਵਨ ॥**
**ਚਾਰ ਵਰਨ ਗੁਰ ਰਾਜ ਚਲਾਵਨ ॥**

ਸਤਿਗੁਰਾਂ ਦਾ ਬਚਨ ਸੁਣ ਕੇ ਸਭ ਚਾਰੋਂ ਕੂਟਾਂ ਵਿਚ ਚਲੇ ਜਾਵਨਗੇ ਤੇ ਚਾਰ ਵਰਨਾਂ ਵਿਚ ਸਤਿਗੁਰੂ ਜੀ ਰਾਜ ਦਾ ਪ੍ਰਬੰਧ ਥਾਪ ਦੇਣਗੇ।

**ਗੁਰੂ ਸਾਹਿਬ ਫਿਰ ਬਾਤ ਸੁਣਾਵੈ ॥ ਵਰਨ ਭਿੰਨ ਅਕਾਲ ਜਪਾਵੈ ॥**

ਫੇਰ ਸਤਿਗੁਰਾਂ ਦੇ ਹੁਕਮ ਨਾਲ ਸਭ ਵਰਨਾਂ ਵਿਚ ਅਕਾਲ ਪੁਰਖ ਦਾ ਨਾਮ ਹੀ ਜਪਣਗੇ ਸਾਰੇ ਸਭ ਧਰਤੀ ਤੇ ਨਾਮ ਹੀ ਲੋਕ ਜਪਣਗੇ।

**ਚਾਰੋਂ ਵਰਨ ਸੁਣੋ ਮਿਲ ਭਾਈ ॥ ਚਾਰ ਵਰਨ ਭਿੰਨ ਭਿੰਨ ਖਾਲਸਾਈ ॥**

ਚਵਾਂ ਵਰਨਾਂ ਨੂੰ ਸਤਿਗੁਰ ਹੁਕਮ ਦੇਣਗੇ ਸੁਣੋ ਭਾਈ ਚਾਰੇ ਵਰਨ ਜੇਹੜੇ ਵਖੋ ਵਖ ਹੈਨ ਖਾਲਸਾ ਹੀ ਖਾਲਸਾ ਹੈ। ਮਹਾਂ ਮੰਦ (ਤੁਰਕ) ਸਭ ਨਾਸ (ਖਤਮ) ਹੋ ਜਾਣਗੇ ਤੇ ਛਤ੍ਰੀਆਂ ਦਾ ਤੇਜ ਖਾਲਸੇ ਦਾ ਤੇਜ ਵਧੇਗਾ ਪ੍ਰਕਾਸ਼ ਹੋਵੇਗਾ।

**ਸੈਨਾ ਜੁਰ ਚਲੇ ਸਿੰਧ ਕੂਲੰ ॥ ਦਏ ਜਲਾਏ ਮਹਾਂ ਮੰਦ ਮੂਲੰ ॥**

ਸੈਨਾ ਕਠੀ ਜੁੜ ਕੇ ਸਿੰਧ ਵਲ ਨੂੰ ਜਾਵੇਗੀ ਤੇ ਸਭ ਤਰ੍ਹਾਂ ਨਾਲ ਤੁਰਕਾਂ ਦਾ ਨਾਸ ਕਰ ਦੇਣਗੇ ਫੂਕ ਸਾੜ ਦੇਣਗੇ।

**ਅਵਨੀ ਭੂਪ ਸਭੈ ਜੁਰ ਆਵੈ ॥ ਦਸ ਅਠ ਪਦਮ ਚਮੂੰ ਨਿਰਖਾਵੈ ॥**

ਸਾਰੀ ਧਰਤੀ ਦੇ ਰਾਜੇ ਕਠੇ ਹੋ ਕੇ ਆਉਣਗੇ ਅਠਾਰਾਂ ਪਦਮ ਫੌਜ ਹੋਵੇਗੀ।

**ਤਬ ਗੁਰ ਜਾਏ ਸਿੰਧ ਕੇ ਤੀਰੰ ॥ ਗੁਰੂ ਸਾਹਿਬ ਪੂਰਨ ਰਣ ਧੀਰੰ ॥**

ਫੇਰ ਸਤਿਗੁਰ ਜੀ ਸਮੁੰਦ੍ਰ ਦੇ ਕੰਢੇ ਤੇ ਜਾਣਗੇ। ਪੂਰੇ ਗੁਰੂ ਜੀ

**ਅਸ਼੍ਵਪਗ ਧੂਰ ਭਾਨ ਨਭ ਛਾਵੈ ॥ ਰਵ ਪ੍ਰਕਾਸ ਮਧ ਧੂਰ ਸਮਾਵੈ ॥**

ਘੋੜਿਆਂ ਦੇ ਪੈਰਾਂ ਨਾਲ ਧੂੜ ਉਡ ਉਡ ਕੇ ਅਕਾਸ਼ ਤੇ ਸੂਰਜ ਦੀ ਰੌਸ਼ਨੀ ਧੂੜ ਵਿਚ ਛੁਪ ਜਾਵੇਗੀ।

**ਪੁਰ ਅਟਕ ਅਵਨੀ ਮਧ ਗਾਵੈ ॥**
**ਅਤਿ ਸੁੰਦਰ ਕਉਤਕ ਤਿਹੁ ਭਵੈ ॥**



Sri Satguru Jagjit Singh Ji eLibrary NamdhariElibrary@gmail.com

ਅਟਕ ਸ਼ਹਿਰ ਦੀ ਧਰਤੀ ਵਿਚ ਜਾ ਕੇ ਬੜਾ ਸੁੰਦਰ ਕਉਤਕ ਹੋਵੇਗਾ

**ਕਾਯਾ ਗੁਰੂ ਕਲਪ ਤਬ ਕਰੈ ॥**
**ਦੁਆਦਸ ਬਰਖੁ ਆਯੂ ਤਬ ਧਰੈ ॥**

ਕਾਇਆ ਕਲਪ ਕਰਕੇ ਬਾਰਾਂ ਬਰਸ ਦੀ ਉਮਰ ਧਾਰਨਗੇ।

**ਘਟਕਾ ਬੀਤ ਚਾਰ ਜਬ ਜੋਵੈ ॥ ਮਹਾਂ ਸ਼ਕਤ ਤਬ ਪ੍ਰਾਪਤ ਹੋਵੈ ॥**

ਉਥੇ ਜਦੋਂ ਚਾਰ ਘੜੀਆਂ ਬੀਤ ਜਾਣਗੀਆਂ ਤੇ ਮਹਾਂ ਸ਼ਕਤੀ ਪ੍ਰਗਟ ਹੋਵੇਗੀ ਲਛਮੀ ਦਰਸਨ ਕਰਨ ਆਵੇਗੀ।

**ਭੇਟਾ ਪਾਰਸ ਧਰੇ ਅਪਾਰਾ ॥ ਕਰਤ ਡੰਡਉਤ ਪੁੰਨਬਾਰੰ ਬਾਰਾ ॥**

ਪਾਰਸ ਹੀਰੇ ਆਦਿ ਭੇਟਾ ਕਰੇਗੀ ਤੇ ਬਾਰ ਬਾਰ ਨਮਸਕਾਰ ਡੰਡਉਤਾਂ ਕਰੇਗੀ।

**ਨਿਕਸ ਸਿੰਧ ਜਲ ਬਾਹਰ ਆਵੈ ॥**
**ਗੁਰੂ ਸਾਹਿਬ ਕੇ ਪਗ ਲਪਟਾਵੈ ॥**

ਸਮੁੰਦ੍ਰ ਦਾ ਜਲ ਉਛਲ ਕੇ ਕੰਢਿਆਂ ਤੋਂ ਬਾਹਰ ਆਵੇਗਾ ਸਤਿਗੁਰਾਂ ਦੇ ਚਰਨਾਂ ਨੂੰ ਚੁਮੇਗਾ ਤੇ ਚਰਨਾਂ ਤੇ ਲੇਟੇਗਾ ਤੇ ਕਹੇਗਾ (ਸਮੁੰਦ੍ਰ) **ਆਦਿ ਅੰਤ ਹੈਂ ਤੁਹੀ ਮੁਰਾਰੀ। ਭਉਜਲ ਪਾਰ ਉਤਾਰਨ ਹਾਰੀ। ਕਰ ਪ੍ਰਨਾਮ ਗੁਪਤ ਤਹਿ ਜਵਈ ॥ ਨਿਕਸੇ ਸਿੰਧ ਸਿੰਧ ਮਧ ਰਵਈ।** ਸਮੁੰਦ੍ਰ ਦਰਸਨ ਕਰ ਕੇ ਪ੍ਰਨਾਮ ਕਰ ਕੇ ਫੇਰ ਸਾਰਾ ਜਲ ਸਮੁੰਦ੍ਰ ਵਿਚ ਸਮਾਵੇਗਾ ॥

**ਸੋ ਪੁਤਰੀ ਹਮੰਚਲ ਜਾਨੋ ॥ ਸਤ ਅਵਤਾਰ ਲਛਮੀ ਮਾਨੋ ॥**

ਸ਼ਕਤੀ ਜੇਹੜੀ ਦਰਸਨ ਕਰ ਕੇ ਭੇਟਾ ਦੇ ਚਲੀ ਗਈ ਏ। ਸਚ ਸਮਝਹੁ ਕਿ ਇਹ ਲਛਮੀ ਆਈ ਸੀ। ਸਤਿਗੁਰੂ ਜੀ ਸੰਗਤਾਂ ਨੂੰ ਦਸਦੇ ਨੇ।

**ਛਤੀ ਬਰਸ ਤਹਾਂ ਗੁਰ ਰਹੈਂ ॥ ਮਹਾਂ ਮੰਦ ਕੁਲ ਉਤਰ ਦਹੈਂ ॥**

ਛਤੀ ਬਰਸ ਉਸ ਪਾਸੇ ਰਹਿਣਗੇ ਮਹਾਂ ਮੰਦ ਦੈਂਤਾਂ ਤੇ ਰਾਕਸ਼ਾਂ ਨੂੰ ਸਿਧੇ ਰਾਹ ਲਉਣਗੇ ਤੇ ਖਾਲਸਾ ਸਜਾਨਗੇ।



Sri Satguru Jagjit Singh Ji eLibrary NamdhariElibrary@gmail.com

ਸਿੰਧ ਤਿਆਗ ਪਸਚਮ ਕੋ ਆਵੈ ॥

ਬਗਦਾਦ ਸ਼ਹਿਰ ਸਤਿਗੁਰ ਪਗ ਪਾਵੈ ॥

ਬਰਖ ਪਚਾਸ ਜੁਧ ਤਹਿ ਹੋਵੈ ॥

ਮਹਾਂ ਮੰਦ ਕੁਲ ਸਗਲੀ ਖੋਵੈ ॥

ਜੀਤ ਬਗਦਾਦ ਰਾਮ ਸਰ ਆਵੈ ॥

ਚਮੂੰ ਅਪਾਰ ਗਣਤ ਨਹੀਂ ਆਵੈ ॥

ਸਿੰਧ ਦੇ ਇਲਾਕੇ ਨੂੰ ਛਡ ਕੇ ਜਿਤ ਕੇ ਤੇ ਬਗਦਾਦ ਸ਼ਹਿਰ ਪਛਮ ਵਲ ਆਉਣਗੇ ਬਗਦਾਦ ਸ਼ਹਿਰ ਚਰਨ ਪਉਣਗੇ। ਤੇ ਪੰਜਾਹ ਬਰਸ ਉਧਰ ਜੁਧ ਹੋਵੇਗਾ ਮੁਹੰਮਦ ਦੀ ਉਮਤ ਕੁਲ ਦਾ ਖਾਤਮਾ ਕਰਿ ਦੇਣਗੇ ਕੁਲ ਧਰਤੀ ਤੋਂ। ਬਗਦਾਦ ਜਿਤ ਕੇ ਤੇ ਰਾਮ ਸਰ ਸ੍ਰੀ ਭੈਣੀ ਸਾਹਿਬ ਆਉਣਗੇ। ਸੰਗਤ ਫੌਜ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਬੇਅੰਤ ਸੰਗਤ ਫੌਜਾਂ ਹੋਣਗੀਆਂ

ਹਰਿ ਮੰਦਰ ਮਹਿ ਆਇ ਬਿਰਾਜੈ ॥

ਗੁਰ ਛਬ ਦੇਖ ਭਾਨ ਦੁਤਿ ਲਾਜੇ ॥

ਸਤਿਗੁਰਾਂ ਦਾ ਤੇਜ—

ਤੇਜ ਛਬ ਝਲਿਆ ਨਹੀਂ ਜਾਵੇਗਾ। ਦੂਜ ਦਾ ਚੰਦ੍ਰਮਾ ਵੀ ਲਜਿਆਵਾਨ ਹੋਵੇਗਾ ਹਰੀਮੰਦਰ ਵਿਚ ਬੈਠਣਗੇ। **ਕੋਟਿ ਚਤਰ ਦਸ ਬਿਧ ਕੇ ਪੂਤਾ। ਪੁਨ ਆਵੈਂ ਗੁਰ ਪਹਿਅਵਧੂਤਾਂ**) ਉਹੀ ਚੌਦਾਂ ਕਰੋੜ ਬ੍ਰਹਮਾ ਦੇ ਪੁਤਰ ਫੇਰ ਆਉਣਗੇ ਸਤਿਗੁਰਾਂ ਪਾਸ **ਤਬ ਗੁਰ ਗਰਜ ਕਹੈ ਬਿਧ ਤਾਤਾ ਅਸਮੇਧ ਰਚੋ ਗੁਰ ਭਾਖਤ ਬਾਤਾ।**

ਫੇਰ ਸਤਿਗੁਰ ਜੀ ਗਜ ਕੇ ਕਹਿਣਗੇ। ਅਸਮੇਧ ਜਗ ਰਚੋ ਤਿਆਰੀ ਕਰੋ ਛੇਤੀ **ਰਚੋ ਅਸਮੇਧ ਦੇਰ ਨਹਿ ਲਾਵਹੁ ॥ ਸੰਮਤ ਪੂਰਬ ਕੋਤਬ ਪਾਵਹੁ ॥** ਅਸਮੇਧ ਜਗ ਰਚੋ ਦੇਰ ਨਾ ਕਰੋ। ਉਦੋਂ ਸੰਮਤ ਪੂਰਬਨਾਮ ਦਾ ਹੋਵੇਗਾ

ਤਿਹ ਸਮੇਂ ਸੁਰ ਪਤਿ ਪਠੇ ਬਾਜਾ ॥

ਮੁਕਟ ਸਹਿਤ ਰਤਨਾਨ ਸਮਾਜਾ ॥

ਉਸ ਸਮੇਂ ਦੇਵਤਿਆਂ ਦਾ ਰਾਜਾ ਇੰਦ੍ਰ ਘੋੜਾ ਭੇਜੇਗਾ ਤੇ ਮੁਕਟ ਘੋੜੇ



Sri Satguru Jagjit Singh Ji eLibrary NamdhariElibrary@gmail.com

ਦੇ ਮਥੇ ਸਿਰ ਬਧਾ ਹੋਵੇਗਾ ਤੇ ਹੀਰਿਆਂ ਨਾਲ ਜੜੀ ਹੋਈ ਕਾਠੀ ਹੀਰਿਆਂ ਤੇ ਰਤਨ ਨਾਲ ਜੜੀ ਸੋਭਾ ਪਾਵੈਗੀ॥

**ਗੁਰੂ ਸਾਹਿਬ ਕਹੇਂ ਛਡ ਦੀਜੋ ॥ ਪਾਛੇ ਦਿਸ਼ਾ ਗਵਨ ਤਹਿ ਕੀਜੋ ॥**

ਸ੍ਰੀ ਸਤਿਗੁਰੂ ਜੀ ਕਹਿਣਗੇ ਘੋੜੇ ਨੂੰ ਛਡ ਦਿਉ ਤੇ ਏਸ ਘੋੜੇ ਦੇ ਮਗਰ ਸਾਰੇ ਜਾਉ। ਅਗੇ ਘੋੜਾ ਤੇ ਪਿਛੇ ਸੰਗਤ ਜਾਵੇਗੀ। ਪੂਰਬ ਵਾਲੇ ਪਾਸੇ ਨੂੰ ਭਾਵ ਚੜ੍ਹਦੇ ਨੂੰ

**ਚਲੇ ਤੁਰੰਗ ਤਹਿ ਪੂਰਬ ਦੇਸਾ ॥ ਹਰ ਬਲ ਭੂਪ ਜਹਿ ਵਸੇ ਨਰੇਸਾ ॥**

ਘੋੜਾ ਪੂਰਬ ਦੇਸ ਵਲ ਜਾਵੇਗਾ ਸਮੇਤ ਸੰਗਤ ਅਗੇ ਘੋੜਾ ਪਿਛੇ ਸੰਗਤ। ਇਕ ਰਾਜਾ ਬੜਾ ਬਲੀ ਹੋਵੇਗਾ। ਅਜੁਧਿਆ ਵਿਚ ਨਾਮ ਹਰ ਬਲ ਹੋਵੇਗਾ।

**ਅਜੁਧਿਆ ਤੇ ਪੁਨ ਸਰਜੂ ਜਾਵੇ ॥ ਹਰ ਬਲ ਭੂਪ ਨਿਰਖ ਭੈ ਪਾਵੈ ॥**

ਅਜੁਧਿਆ ਤੋਂ ਸਰਜੂ ਨਦੀ ਤੇ ਜਾਵੇਗਾ। ਹਰਬਲ ਰਾਜਾ ਵੇਖ ਕੇ ਡਰੇਗਾ ਤੇ ਹੈਰਾਨ ਹੋ ਜਾਵੇਗਾ।

**ਦੇਖ ਤੁਰੰਗ ਅਮੋਲੀ ਜੜ੍ਰੀ ॥**
**ਹਰ ਬਲ ਭੂਪ ਬਿਸਮ ਹੋਇ ਛੱਤ੍ਰੀ ॥**
**ਕਲ ਜੁਗ ਕਉਣ ਅਸਮੇਧ ਕਰਾਵੈ ॥**
**ਅਤਿ ਅਸਚਰਜ ਭੂਪ ਮਨ ਆਵੈ ॥**

ਘੋੜਾ, ਵੇਖ ਕੇ ਫੌਜਾਂ ਸੰਗਤਾਂ ਵੇਖ ਕੇ ਹੈਰਾਨ ਹੋਵੇਗਾ ਕਿ ਕਲਜੁਗ ਵਿਚ ਕਉਣ ਹੈ ਜੇਹੜਾ ਅਸਮੇਧ ਜਗ ਕਰਾ ਰਿਹਾ ਹੈ। ਰਾਜਾ ਹਰ ਬਲ ਉਸ ਵੇਲੇ ਨਿਤਨੇਮ ਸੰਧਿਆ ਕਰਦਾ ਹੋਵੇਗਾ ਤੇ।

**ਸੰਧਿਆ ਤਜ ਕਰ ਪਾਛੈ ਪਰੈ ਗੋ ॥**
**ਅਨਿਕ ਜਤਨ ਕਰੇ ਨਹੀਂ ਫਰੈਗੋ ॥**

ਰਾਜਾ ਸੰਧਿਆ ਛਡ ਕੇ ਘੋੜੇ ਨੂੰ ਫੜਨ ਪਵੇਗਾ ਤੇ ਬੜਾ ਜਤਨ ਕਰੇਗਾ। ਘੋੜਾ ਨਾ ਫੜ ਸਕੇਗਾ ਹੈਰਾਨ ਹੋਵੇਗਾ। ਸੰਧਿਆ ਨਿਤਨੇਮ ਭੁਲ ਜਾਵੇਗਾ

**ਸੰਧਿਆ ਪ੍ਰਾਤਿ ਕਰਨ ਨਹੀਂ ਸਰਯੰ। ਹਰ ਬਲ ਭੂਪ ਰੋਸ਼ ਅਤਿ ਕਰਯੰ**



Sri Satguru Jagjit Singh Ji eLibrary NamdhariElibrary@gmail.com

ਨਿਤਨੇਮ ਸੰਧਿਆ ਨਹੀਂ ਕਰ ਸਕੇਗਾ ਤੇ ਬੜਾ ਕਰੋਧਵਾਨ ਹੋ ਜਾਵੇਗਾ।

**ਜਾਵੇ ਭੂਪਤਿ ਦੇਸ ਅਖੰਡਾਂ॥ ਜਹਾਂ ਬਸੈ ਪੂਜ ਗਣ ਬ੍ਰਹਿਮੰਡਾ॥**

ਅਗੇ ਘੋੜਾ ਤੇ ਪਿਛੇ ਰਾਜਾ ਜਾਵੇਗਾ ਦੇਸਾਂ ਵਿਚ ਬ੍ਰਹਿਮੰਡਾਂ ਵਿਚ ਜਾਵੇਗਾ।

**ਸਪਤ ਰਿਖ ਆਸ਼ਰਮ ਫਿਰ ਆਵੈ॥**
**ਧਰੂਹ ਮੰਡਲ ਰਵ ਮੰਡਲ ਦਿਖਲਾਵੈ॥**
**ਅਸਟ ਸ੍ਰਿੰਗ ਸਮੇਰ ਕੇ ਭਮੇ॥ ਸਭ ਸੁਰ ਪੁਰ ਕੰਕਾਰਨ ਗਮੇ॥**
**ਹਰ ਬਲ ਭੂਪ ਜਾਇ ਨਭ ਮਾਹੀ॥ ਹੈ ਪਕਰਨ ਮੈਂ ਆਵੈ ਨਾਹੀ॥**

ਸਪਤ ਸ੍ਰਿੰਗ ਰਿਖੀਆਂ ਦੇ ਆਸ਼੍ਰਮ ਧਰੂਹ ਮੰਡਲ ਆਦਿਕ ਅਠ ਚੋਟੀਆਂ ਸਮੇਰ ਪਰਬਤ ਦੀਆਂ ਤੇ ਇੰਦ੍ਰਪੁਰੀ ਹਰ ਬਲ ਰਾਜਾ ਅਕਾਸ਼ ਵਿਚ ਸਾਰੇ ਥਾਵਾਂ ਤੇ ਫਿਰੇਗਾ ਤੇ ਘੋੜਾ ਨਹੀਂ ਫੜ ਸਕੇਗਾ। ਇਸ ਤਰ੍ਹਾਂ ਅਗੇ ਅਗੇ ਘੋੜਾ ਤੇ ਪਿਛੇ ਪਿਛੇ ਰਾਜਾ।

**ਮਧ ਅਕਾਸ ਨਿਰਖੇਭੂਪਾਲ॥ ਚਮੂੰ ਅਨੰਤ ਅਰਜਨ ਸਮ ਬਾਲ॥**

ਅਕਾਸ਼ ਵਿਚੋਂ ਰਾਜਾ ਵੇਖੇਗਾ ਤੇ ਉਸ ਨੂੰ ਬੇਅੰਤ ਫੌਜ ਵਿਚ ਅਰਜਨ ਵਰਗਾ ਬਾਲ ਦਿਸੇਗਾ। ਰਾਜਾ ਹੈਰਾਨ ਤੇ ਪ੍ਰੇਸ਼ਾਨ ਹੋ ਕੇ ਅਕਾਸ਼ ਤੋਂ ਉਤਰੇਗਾ।

**ਉਤਰ ਅਕਾਸ਼ ਤੇ ਰਾਜਾ ਆਵੈ॥ ਗ੍ਰਹਿ ਕੋ ਚਲ ਚਰਨ ਗਿਰਾਵੈ॥**
**ਨਗਨ ਧੋਪ ਕਰ ਮਾਹਿ ਸੁਹਾਵੈ॥ ਮਾਨੋ ਨਭ ਬਿਜਲੀ ਚਮਕਾਵੈ॥**

ਅਕਾਸ਼ ਤੋਂ ਉਤਰ ਕੇ ਰਾਜਾ ਅਪਨੇ ਘਰ ਮਹਲਾਂ ਵਿਚ ਜਾਵੇਗਾ। ਨੰਗੀ ਤਲਵਾਰ ਚਮਕਦੀ ਹਥ ਵਿਚ ਹੋਵੇਗੀ ਜਿਸ ਤਰ੍ਹਾਂ ਅਕਾਸ਼ ਵਿਚ ਬਿਜਲੀ ਚਮਕਦੀ ਏ ਨੰਗੀ ਤਲਵਾਰ ਹੋਵੇਗੀ।

**ਦੋਹਰਾ ਭੂਪ ਕਹੇ ਲਲਤਾ ਤਬੈ ਦਯੋ ਮਈਯਰ ਮੋਹਿ ਬਾਲ॥**
**ਯਾ ਜਨਮਤ ਮੋਹਿ ਬਲ ਘਟਯੋ ਕਰਉ ਬੇਗ ਤਿਹਿ ਕਾਲ॥**

ਕਰੋਧ ਵਿਚ ਰਾਜਾ ਹੋਵੇਗਾ ਤੇ ਪੈਰ ਥਿੜਕਦੇ ਹੋਣਗੇ ਤੇ ਰਾਣੀ ਨੂੰ ਕਹੇਗਾ ਮਈਯਰ ਜਿਹੜਾ ਬਾਲਏ ਉਹ ਮੈਨੂੰ ਦੇਹਿ ਮੈਂ ਉਸ ਨੂੰ ਮਾਰ ਦੇਣਾ ਹੈ।

ਦੋਹਰਾ ॥

ਹਾਥ ਜੋੜ ਬੇਨਤੀ ਕਰੇ ਹਰ ਬਲ ਭੂਪਤ ਨਾਰ ॥
ਇਹ ਕਾਰਜ ਕਿਉ ਕਰਤ ਹੋ ਕਿਆ ਜੀਅ ਮਹਿ ਧਾਰ ॥
ਕਿਨੇ ਭੂਪ ਬਾਜਾ ਛਡਯੋ ਜਗ ਰਚਿਆ ਰੀ ਬਾਮ ॥
ਮੈ ਪ੍ਰਵਾਰ ਛੱਤ੍ਰੀ ਬਡੋ ਰਵਹਿ ਪਕਰੂੰ ਧਾਮ ॥

ਕਰੋਧਵਾਨ ਹੋ ਕੇ ਰਾਜਾ ਕਹੇਗਾ ਕਿ ਕਿਸੇ ਰਾਜੇ ਨੇ ਘੋੜਾ ਛਡਿਆ ਏ ਤੇ ਜਗ ਰਚਿਆ ਏ। ਮੈਂ ਛੱਤ੍ਰੀ ਰਾਜਾ ਹਾਂ ਮੇਰਾ ਬਲ ਘਟ ਗਿਆ ਏ। ਪੁਤਰ ਦੇ ਜੰਮਣ ਕਰਕੇ ਬਲ ਘਟ ਗਿਆ ਏ ਮੈ ਏਸ ਮੁੰਡੇ ਨੂੰ ਹੁਣੇ ਛੇਤੀ ਮਾਰ ਦੇਣਾ ਹੈ। ਮੇਰੇ ਕੋਲੋਂ ਘੋੜਾ ਨਹੀਂ ਫੜਿਆ ਗਿਆ।

ਮੈ ਮਯੰਕ ਕੇ ਮ੍ਰਿਗ ਗਹੂੰ ਅਰਿ ਕੋ ਗਹੂੰ ਤੁਰੰਗ ॥
ਇਹ ਆਸਵ ਨਹਿ ਪਾਯੋ ਪਰਤ ਧਰਮ ਮਹਿ ਭੰਗ ॥

ਜਬ ਤੇ ਮਈਯਰ ਜਨਮਿਉ ਤਨ ਤੇ ਬਲ ਭਯੋ ਨਾਸ ਯਾ ਇਸ ਕੇ ਹਤ ਕਰਨ ਤੇ ਪੁਨ ਪੌਰਖ ਪ੍ਰਕਾਸ ॥

ਮੈਂ ਛੱਤ੍ਰੀ ਏਡੇ ਬਲ ਵਾਲਾ ਤਾਕਤ ਵਾਲਾ। ਸੂਰਜ ਦੇ ਰੱਬ ਤੇ ਚੰਦ੍ਰਮਾ ਦੇ ਰੱਬ ਦੇ ਹਰਨ ਤੇ ਘੋੜੇ ਇਕ ਹਥ ਨਾਲ ਫੜ ਛਡਾਂ ਤੇ ਰਥ ਨਾ ਤੁਰਨ ਦਿਆਂ। ਪਰ ਇਹ ਘੋੜਾ ਨਹੀਂ ਫੜ ਸਕਿਆ ਮੇਰਾ ਧਰਮ ਭੰਗ ਹੋ ਗਿਆ ਏ। ਜਦੋਂ ਦਾ ਮਈਯਰ ਜੰਮਿਆ ਏ ਮੇਰੇ ਸਰੀਰ ਦਾ ਬਲ ਨਾਸ ਹੋ ਗਿਆ ਏ। ਇਸਨੂੰ ਮਾਰਨ ਨਾਲ ਫੇਰ ਮੇਰੇ ਵਿਚ ਉਹੀ ਤਾਕਤ ਆ ਜਾਵੇਗੀ।

ਭੂਪ ਬਚਨ ਨਾਰੀ ਸੁਣੇ ਮਨ ਮਹਿ ਸ਼ੋਕ ਬਢਾਏ ॥
ਗਵੇ ਧਾਮ ਮਈਯਰ ਨਹੀ ਨ੍ਰਿਪ ਕੋ ਕਹੇ ਸੁਣਾਏ ॥

ਰਾਜੇ ਦੇ ਬਚਨ ਸੁਣ ਕੇ ਨਾਰੀ ਅਫਸੋਸ ਕਰੇਗੀ ਤੇ ਅੰਦਰ ਘਰ ਦੇ ਜਾ ਕੇ ਵੇਖ ਕੇ ਰਾਜੇ ਨੂੰ ਰਾਣੀ ਕਹੇਗੀ ਕਿ ਬਾਲ ਅੰਦਰ ਨਹੀਂ ਹੈ।

ਭੂਪ ਕੋਪ ਮਨ ਮਹਿ ਧਰੇ ਜਾਏ ਧਾਮ ਕੇ ਮਾਹਿ ॥
ਨਿਰਖ ਰਹਿਉ ਸੁਤ ਨਹਿ ਦਿਖੈ ਅਗਨ ਲਗੀ ਉਰ ਮਾਹਿ ॥

ਰਾਜਾ ਕਰੋਧ ਵਿਚ ਹੋ ਕੇ ਆਪ ਅੰਦਰ ਜਾਵੇਗਾ ਤੇ ਵੇਖੇਗਾ। ਲੜਕਾ



Sri Satguru Jagjit Singh Ji eLibrary NamdhariElibrary@gmail.com

ਪੁਤਰ ਨਹੀਂ ਕਿਤੇ ਦਿਸੇਗਾ ਤੇ ਹਿਰਦੇ ਵਿਚ ਅਗ ਕਰੋਧ ਦੀ ਮਚੇਗੀ

**ਨਗਨ ਧੋਪ ਲੈਪੁਨ ਫਿਰਯੋ ਜਾਏ ਚਮੂੰ ਰਣਸਾਲ॥**
**ਲੈ ਹੈ ਆਵਤੇ ਨ੍ਰਿਪ ਨਿਰਖ ਮਈਯਰ ਅਪਨੋ ਬਾਲ॥**
**ਬਾਂਏ ਹਾਥ ਕੀ ਅੰਗੁਰੀ ਬਾਂਧੀ ਡੋਰ ਪਟ ਬਾਜ॥**
**ਭੂਪ ਨਿਰਖ ਸੁਖ ਪਾਵ ਹੈ ਸੂਰਮ ਸੁਤ ਕੋ ਕਾਜ॥**
**ਪਿਤਾ ਪੁਤਰ ਬਲ ਏਕ ਹੈ ਵੇਦ ਪੁਕਾਰੇ ਬਾਤ॥**
**ਭਲਾ ਹੂਆ ਸੁਤ ਨਹਿ ਹਤਾ ਨਹਿ ਹੋਇਉ ਸੁਤਘਾਤ॥**

ਨੰਗੀ ਤਲਵਾਰ ਫੜ੍ਹੀ ਹੋਵੇਗੀ ਤੇ ਫੇਰ ਜਿਥੇ ਫੌਜਾਂ ਸੰਗਤਾਂ ਦਾ ਦਲ ਮੈਦਾਨ ਜੰਗ ਵਿਚ ਜਾਵੇਗਾ ਤੇ ਮਈਯਰ ਪੁਤ੍ਰ ਘੋੜਾ ਫੜ ਕੇ ਲਈ ਆਉਂਦਾ ਦਿਸੇਗਾ ਤੇ ਰਾਜਾ ਦੂਰੋਂ ਵੇਖ ਕੇ ਖੁਸ਼ੀ ਤੇ ਸੁਖੀ ਹੋਵੇਗਾ। ਖਬੇ ਹੱਥ ਦੀ ਉਂਗਲੀ ਨਾਲ ਘੋੜੇ ਦੀ ਲਗਾਮ ਫੜੀ ਹੋਵੇਗੀ। ਸੂਰਮੇ ਪੁਤਰ ਦਾ ਕੰਮ ਵੇਖ ਕੇ ਖੁਸ਼ ਹੋਵੇਗਾ ਰਾਜਾ ਹਰਬਲ। ਤੇ ਮਨ ਵਿਚ ਕਹੇਗਾ ਕਿ ਪਿਤਾ ਤੇ ਪੁਤਰ ਦਾ ਬਲ ਇਕ ਹੀ ਹੈ। ਵੇਦਾਂ ਵਿਚ ਪੁਕਾਰ ਕੇ ਦਸਿਆ ਹੈ ਤੇ ਮੇਰੇ ਨਾਲੋਂ ਵੀ ਬਲੀ ਹੈ। ਚੰਗਾ ਹੋਇਆ ਪੁਤਰ ਦਾ ਘਾਤ ਨਹੀਂ ਕੀਤਾ ਮਾਰਿਆ ਨਹੀਂ ਹੈ।

**ਬਾਜ ਪਕੜ ਗ੍ਰਹਿ ਬਾਧਿਉ ਪੁਤਰ ਦੋਊ ਮਿਲ ਤਾਤ॥**
**ਮਧਿ ਅਜੁਧਿਆ ਕੇ ਵਿਖੇ ਪ੍ਰਗਟ ਹੋਇ ਇਹ ਬਾਤ॥**

ਰਾਜਾ ਸੂਰਮੇ ਪੁਤਰ ਤੇ ਖੁਸ਼ੀ ਹੋਵੇਗਾ ਤੇ ਘੋੜਾ ਫੜ ਕੇ ਘਰ ਬੰਨ ਲੈਣਗੇ ਪਿਉ ਪੁਤਰ। ਏਹ ਬਾਤ ਅਜੁਧਿਆ ਨਗਰ ਵਿਚ ਪ੍ਰਗਟ ਹੋਵੇਗੀ ਫਿਰ ਜੰਗ ਹੋਏਗਾ ਸੰਗਤ ਫੌਜਾਂ ਨਾਲ ਮਈਯਰ ਦਾ। ਸਤਿਗੁਰਾਂ ਦੀ ਸੈਨਾ ਬਹੁਤ ਹੋਵੇਗੀ ਤੇ ਮਈਯਰ ਕੱਲਾ ਹੀ ਲੜੇਗਾ ਤੇ ਗੁਰ ਸੈਨਾ ਲਖਾਂ ਹਜ਼ਾਰਾਂ ਵਿਚ ਹੋਵੇਗੀ।

**ਚਮੂੰ ਜੁਧ ਦਾਰਣ ਕਰੇ ਗੁਰ ਸੈਨਾ ਅਪਾਰ॥**
**ਮਈਯਰ ਏਕ ਲੜਤਾ ਫਿਰੇ ਸੈਨਾ ਲਾਖ ਹਜਾਰ॥**
**ਮਈਯਰ ਇਕ ਕੱਲਾ ਲੜੇਗਾ ਗੁਰ ਸੈਨਾ ਅਪਾਰ ਬਹੁਤ**
**ਵਰਖ ਨਵੈਂ ਰਣ ਮੰਡਿਆ ਗੁਰ ਸੈਨਾ ਬਲ ਲਾਏ॥**
**ਮਈਯਰ ਜੀਤ ਨਾ ਸਕਿਉ ਜੋਧ ਸਕਲ ਪਛੁਤਾਏ॥**


Sri Satguru Jagjit Singh Ji eLibrary NamdhariElibrary@gmail.com

ਨੌਂ ਬਰਸ ਜੰਗ ਹੋਵੇਗਾ। ਗੁਰੂ ਕੀ ਸੈਨਾ ਬੜਾ ਜੋਰ ਲਾਵੇਗੀ ਮਈਯਰ ਨੂੰ ਜਿਤ ਨਹੀਂ ਸਕਣਗੇ ਤੇ ਸਾਰੇ ਜੋਧੇ ਪਛਤਾਨਗੇ

**ਮਈਯਰ ਜੀਤ ਸਕਹਿ ਨਾਹੀ ਜੂਝੈ ਸੈਨ ਅਪਾਰ ॥**
**ਗੁਰ ਪਹਿ ਪਤੀਯਾ ਲਿਖ ਪਠੈ ਹਮ ਦਾਸਨ ਕੇ ਦਾਸ ॥**
**ਨਗਰ ਅਜੁਧਿਆ ਰਾਜਸੁਤ ਮਈਯਰ ਬਾਂਧਿਉ ਬਾਜ ॥**
**ਹਮ ਤੇ ਛੂਟੇ ਨਾ ਬਾਜ ਗੁਰ ਕਰੋ ਸੋ ਆਪੇ ਕਾਜ ॥**

ਮਈਯਰ ਨੂੰ ਜਿਤ ਨਹੀਂ ਸਕਣਗੇ ਤੇ ਬਹੁਤ ਸਾਰੀ ਸੈਨਾ ਸ਼ਹੀਦ ਹੋ ਜਾਵੇਗੀ ਤੇ ਫੇਰ (ਗੁਰ ਪਹਿ ਪਤੀਯਾ ਲਿਖ) ਸਤਿਗੁਰਾਂ ਅਗੇ ਸੈਨਾ ਅਰਦਾਸ ਕਰੇਗੀ ਤੇ ਪਤ੍ਰਕਾ ਲਿਖ ਕੇ ਭੇਜਣਗੇ ਕਿ ਅਸੀ ਦਾਸਾਂ ਦੇ ਦਾਸ ਹਾਂ ਜੀ। ਅਜੁਧਿਆ ਨਗਰ ਵਿਚ ਮਈਯਰ ਨੇ ਰਾਜੇ ਦੇ ਪੁਤਰ ਨੇ ਘੋੜਾ ਬੰਨ ਲਿਆ ਹੈ ਤੇ ਸਾਡੇ ਕੋਲੋਂ ਨਹੀਂ ਛੁਡਾਇਆ ਜਾ ਸਕਦਾ ਸਚੇ ਪਾਤਿਸਾਹ ਜੀ ਆਪ ਇਸ ਕਾਰਜ ਨੂੰ ਪੂਰਾ ਕਰੋ ਜੀ। ਅਸੀ ਨਹੀਂ ਜਿਤ ਸਕਦੇ ਬਹੁਤ ਸੈਨਾ ਸ਼ਹੀਦ ਹੋ ਗਈ ਹੈ ਤੇ ਆਪ ਆ ਕੇ ਸਹਾਇਤਾ ਕਰੋ ਜੀ।

**ਸੁਣ ਪਤੀਯਾ ਸਤਿਗੁਰ ਚੜ੍ਹੇ ਜਾਵੇਂ ਸਰਜੂ ਕੂਲ ॥**
**ਧਣਖ ਬਾਣ ਕਰ ਮੇਂ ਲਏ ਸਰਬ ਜਗਤ ਕੇ ਮੂਲ ॥**

ਸੁਣ ਕੇ ਚਿਠੀ ਤੇ ਅਰਦਾਸ ਸਤਿਗੁਰ ਬਾਰਵਾਂ ਜਾਮਾ ਜੀ ਧਣਖ ਬਾਣ ਹਥ ਵਿਚ ਫੜ ਕੇ (ਮਾਲਾ) ਜਾਵਨਗੇ ਤੇ ਵੇਖਣਗੇ। ਸੈਨਾ ਬਹੁਤ ਸ਼ਹੀਦ ਹੋਈ ਹੈ ਤੇ ਮਈਯਰ ਦੇ ਨਾਲ ਕੋਈ ਸੈਨਾ ਨਹੀਂ। ਸਤਿਗੁਰੂ ਜੀ ਮਈਯਰ ਵਲ ਵੇਖਣ ਗੇ ਤੇ ਸਾਰਾ ਬਲ ਖਿਚ ਲੈਣਗੇ। ਮਈਯਰ ਹੈਰਾਨ ਹੋ ਜਾਵੇਗਾ ਕਿ ਮੇਰੇ ਵਿਚ ਉਹ ਬਲ ਨਹੀਂ ਰਿਹਾ। ਇਹ ਕੀ ਬਣ ਗਿਆ ਹੈ

**ਗੁਰ ਦੇਖੈ ਮਈਯਰ ਕੀ ਓਰ ॥**

ਸਤਿਗੁਰਾਂ ਦੇ ਚਰਨਾਂ ਤੇ ਮਈਯਰ ਢੈਹਿ ਪਏਗਾ ਤੇ ਖਿਮਾਂ ਮੰਗੇਗਾ। ਸਚੇ ਪਾਤਿਸ਼ਾਹ ਜੀ ਕਹਿਗੇ ਕਿ ਇਹ ਜਿਹੜੀ ਸੈਨਾ ਮਾਰੀ ਹੋਈ ਏ। ਇਸ ਨੂੰ ਜਿੰਦਾ ਕਰ। ਮੋਈ ਹੋਈ ਸੈਨਾ ਜਵਾਲ ਤਾਂ ਮਈਯਰ ਹਥ ਜੋੜ ਕੇ ਅਰਜ ਕਰੇਗਾ ਹੇ ਸਚੇ ਪਾਤਿਸ਼ਾਹ ਜੀ ਮੇਰੇ ਵਿਚ ਤਾਕਤ ਨਹੀਂ ਰਹੀ ਸੈਨਾ ਨੂੰ ਜਵਾਲ ਸਕਾਂ। ਇਹ ਆਪ ਹੀ ਸਾਰੇ ਜਗਤ ਦੇ ਮਾਲਕ ਹੋ ਜੀ ਬਖਸ਼ ਲਵੋ ਜੀ। ਫੇਰ



Sri Satguru Jagjit Singh Ji eLibrary NamdhariElibrary@gmail.com

ਇੰਦ੍ਰ ਦੇਵਤਾ ਨੂੰ ਹੁਕਮ ਕਰਨਗੇ ਤੇ ਅੰਮ੍ਰਿਤ ਦੀ ਵਰਖਾ ਹੋਵੇਗੀ ਤੇ ਸਾਰੀ ਸੈਨਾ ਜਿੰਦਾ ਹੋ ਜਾਵੇਗੀ। ਜੈ ਜੈ ਕਾਰ ਹੋਵੇਗੀ।

**ਬਰਖ ਸਤਾਨਵੇਂ ਰਾਜ ਕਰ ਜਗ ਸੰਪੂਰਨ ਹੋਇ॥**
**ਦੋਇ ਨਾਗ ਕੇ ਭੀਤਰੇ ਅਸੁਰ ਨਾ ਰਹਿਸੀ ਕੋਇ॥**
**ਊਨੀ ਸਤ ਕੋ ਪੇਖੀਏ ਬਰਖ ਸਤਾਨਵੇ ਜਾਇ॥**
**ਧਰਮਰਾਜ ਜਗ ਮੇਂ ਚਲੇ ਅਸੁਰ ਨਰਕ ਮਹਿ ਪਾਇ॥**
**ਇਕ ਦਿਜ ਇਕ ਖਤਰੀ ਰਹੈ ਵੈਸ਼ ਸ਼ੂਦਰ ਇਹ ਚਾਰ॥**
**ਅਵਨੀ ਅਸੁਰ ਨਾ ਦੀਸਈ ਮਿਟੇ ਪਾਪ ਕੋ ਭਾਰ॥**

ਪ੍ਰਦੇਸੋਂ ਆ ਕੇ ਇਹ ਸਾਰਾ ਕੌਤਕ ਕਰਨਗੇ ਤੇ ਇਹ ਏਡਾ ਸਾਂਗ ਹੈ ਜਿਸ ਨੂੰ ਕੋਈ ਵਿਰਲਾ ਹੀ ਜਾਣੇਗਾ ਇਸ ਸਾਂਗ ਨੂੰ ਆਪ ਹੀ ਬਖਸ਼ਨਗੇ ਤਾਂ ਹੀ ਧਰਮ ਖਲੋਵੇਗਾ। ਇਹ ਪ੍ਰਦੇਸ ਜਾਣ ਵਾਲਾ ਸਾਂਗ ਬੜਾ ਭਾਰੀ ਸਾਂਗ ਹੈ। ਪ੍ਰਦੇਸ ਤੋਂ ਆਣ ਕੇ ਆਪਣੇ ਆਸ਼ਰਮ ਤੇ ਸੰਘਾਸਣ ਤੇ ਬੈਠ ਕੇ ਸਾਹਿਬ ਬਾਰਵਾਂ ਜਾਮਾ ਜੀ ਧਰਮ ਦਾ ਰਾਜ ਕਰਨਗੇ। ਧਰਮ ਚਲੇਗਾ ਤੇ ਮਲੇਛਾਂ ਦਾ ਨਾਸ ਹੋਵੇਗਾ। ਪ੍ਰਦੇਸ ਤੋ ਆ ਕੇ ਪ੍ਰਗਟ ਦਰਸਨ ਦੇਣਗੇ ਤੇ ਸਤਾਨਵੇਂ ਸਾਲ ਗੁਰ ਗਦੀ ਤੇ ਬੈਠ ਕੇ ਤੇ ਇਹ ਸਾਰਾ ਖੇਲ ਕਰਨਗੇ ਕੌਤਕ ਗੁਰੂ ਕਲਗੀਧਰ ਜੀ ਕਹਿੰਦੇ ਹਨ ਕਿ ਇਹ ਕਥਾ:

**ਬਰਖ ਸਤਾਨਵੇਂ ਰਾਜ ਕਰ ਜਗ ਸੰਪੂਰਨ ਹੋਇ॥**

ਸਤਾਨਵੇਂ ਬਰਸ ਰਾਜ ਕਰਨਗੇ ਤੇ ਮਈਯਰ ਨੂੰ ਲਿਆ ਕੇ ਅਜੁਧਿਆ ਵਿਚੋਂ ਅਸਮੇਧ ਜਗ ਕਰਨਗੇ ਤੇ ਫੇਰ ਜਿਹੜੀ ਕਥਾ ਬਾਣੀ ਲਿਖੀ ਹੈ। ਉਹ ਆਪ ਹੀ ਰਚਨ ਵਾਲਾ ਹੀ ਜਾਣਦਾ ਹੈ। ਸਮੇਂ ਦਾ ਅਗਾ ਪਿਛਾ ਹੋ ਜਾਵੇ ਪਰ ਸਭ ਸਮਾ ਵਰਤੇਗਾ। ਅਗੇ ਬਾਣੀ ਵਿਚ ਕਲਗੀਧਰ ਜੀ ਦਸਦੇ ਹਨ ਕਿ ਧਰਤੀ ਤੇ ਅਸੁਰ ਰਾਕਸ਼ ਨਹੀਂ ਰਹਿਣਗੇ ਪਾਪ ਮਿਟੇਗਾ ਧਰਮ ਚਲੇਗਾ ਮਲੇਛਾਂ ਦਾ ਨਾਸ ਹੋਵੇਗਾ ਧਰਮ ਚਲੇਗਾ

**ਪਤੀਯਾ ਸੁਣ ਗੁਰ ਬੇਗ ਹੀ ਧਾਵੈ॥ ਰਾਮ ਸਰ ਤੇ ਸਰਜੂ ਆਵੈ॥**
**ਨਿਰਖੁ ਚਮੂੰ ਸਭ ਹੀ ਸੁਖ ਪਾਵੈ॥ ਮਨ ਮਹਿ ਮੰਗਲ ਮੋਖ ਕੋ ਗਾਵੈ॥**

ਮਈਯਰ ਦੇ ਨਾਲ ਜੰਗ ਹੋਵੇਗਾ ਸੈਨਾ ਸ਼ਹੀਦ ਹੁੰਦੀ ਜਾਵੇਗੀ। ਸਤਿਗੁਰਾਂ



Sri Satguru Jagjit Singh Ji eLibrary NamdhariElibrary@gmail.com

ਅਗੇ ਅਰਦਾਸ ਚਿੱਠੀ ਲਿਖ ਕੇ ਭੇਜਣਗੇ। ਉਸ ਵੇਲੇ ਅਕਾਲ ਪੁਰ। ਸਤਿਗੁਰੂ ਜੀ ਚਿੱਠੀ ਸੁਣ ਕੇ ਰਾਮ ਸਰ ਸ੍ਰੀ ਭੈਣੀ ਸਾਹਿਬ ਤੋਂ ਅਜੁਧਿਆ ਨਗਰ ਸਰਜੂ ਨਦੀ ਤੇ ਬੜੀ ਛੇਤੀ ਆ ਜਾਣਗੇ ਤੇ ਸਾਰੀ ਸੈਨਾ ਜਿਹੜੀ ਸ਼ਹੀਦ ਹੋ ਗਈ ਹੋਵੇਗੀ ਉਹ ਸਾਰੀ ਸੁਰਜੀਤ ਹੋਵੇਗੀ ਤੇ ਸਾਰੀ ਸੈਨਾ ਦਰਸਨ ਕਰ ਕੇ ਸੁਖ ਪਾਵੇਗੀ ਤੇ ਮੰਗਲਾਚਾਰ ਜੈ ਜੈ ਕਾਰ ਹੋਵੇਗਾ। ਫੇਰ

**ਦੋਇ ਬਰਸ ਗੁਰ ਊਹਾਂ ਰਹੇ ॥ ਮਈਯਰ ਬਾਜ ਜਾਸ ਪਠ ਗਹੇ ॥**

ਦੋ ਬਰਸ ਸਤਿਗੁਰ ਜੀ ਉਥੇ ਅਜੁਧਿਆ ਨਗਰ ਰਹਿਣਗੇ। ਜਿਥੇ ਮਈਯਰ ਨੇ ਘੋੜਾ ਫੜ ਕੇ ਬਧਾ ਹੋਵੇਗਾ ਅਜੁਧਿਆ ਨਗਰ ਰਹਿਣਗੇ ਸ਼ਹਿਰ ਵਿਚ

**ਏਕ ਦਿਵਸ ਮਈਯਰ ਲੈ ਬਾਜਾ ॥ ਗੁਰੂ ਸਾਹਿਬ ਕੋ ਮਿਲੇ ਸਮਾਜਾ ॥**
**ਗੁਰ ਨਿਰਖੇ ਮਈਯਰ ਕੀ ਉਰਿ ॥ ਮਈਯਰ ਨਿਰਖੇ ਦੋਊ ਕਰ ਜੋਰਿ ॥**

ਮਈਯਰ ਇਕ ਦਿਨ ਘੋੜਾ ਲੈ ਕੇ ਸਤਿਗੁਰਾਂ ਕੋਲ ਆਵੇਗਾ ਤੇ ਸਤਿਗੁਰ ਜੀ ਮਈਯਰ ਵਲ ਵੇਖਣਗੇ ਤੇ ਮਈਯਰ ਵੀ ਵੇਖ ਕੇ ਹਥ ਜੋੜੇਗਾ। ਤੇ ਫੇਰ ਸਾਰੀ ਸੰਗਤ ਸਮੇਤ ਉਹ ਘੋੜਾ ਲੈ ਕੇ ਤੇ ਨਾਲ ਹੀ ਮਈਯਰ ਨੂੰ ਲਿਆਉਣਗੇ ਸ੍ਰੀ ਭੈਣੀ ਸਾਹਿਬ ਰਾਮਸਰ ਅਸਮੇਧ ਜਗ ਕਰਨਗੇ ਜਿਵੇਂ ਪੁਰਾਤਨ ਪੂਜਾ ਹੈ। ਮਰਯਾਦਾ ਸਹਿਤ ਜਗ ਕਰਨਗੇ ਹਵਨ ਜਗ ਅਸਮੇਧ ਜਗ ਸੰਪੂਰਨ ਹੋਵੇਗਾ। ਪੂਜਾ ਦਾਨ ਦੇਣਗੇ

**ਆਦਿ ਜੋਊ ਕੁਲ ਪੂਜ ਕਰਾਇ ॥ ਤਿਨ ਕੋ ਪੂਜਤ ਹਰਖ ਬਢਾਇ ॥**
**ਇੰਦ੍ਰ ਸਗੋਤਰ ਰਘੁਬਰ ਅੰਸਾ ॥ ਗੁਰੂ ਸਾਹਿਬ ਪ੍ਰਗਟੇ ਯਾ ਬੰਸਾ ॥**

ਜੋ ਰੀਤ ਆਦਿ ਤੋਂ ਮੁੱਢ ਤੋਂ ਚਲੀ ਆ ਰਹੀ ਹੈ ਉਹੋ ਰੀਤ ਮਰਯਾਦਾ ਕਰਨਗੇ। ਤੇ ਕਰਾਨਗੇ ਬੜੀ ਖੁਸ਼ੀ ਹੋਵੇਗੀ। ਰਘੁਬਰ ਅੰਸ (ਰਘੂਕੁਲ) ਵਿਚੋਂ ਹੀ ਸ੍ਰੀ ਰਾਮ ਚੰਦ੍ਰ ਜੀ ਹੋਇ ਤੇ ਉਹੀ ਬੰਸ ਬਾਢੀ ਬੰਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਗਟੇਂਗੇ। **ਭਾਰਦਵਾਜ ਰਤਨ ਕੁਲ ਜੋਈ। ਤਿਨ ਕਾ ਖੋਜ ਪਾਵੇਗਾ ਸੋਈ। ਸੋਈ ਕੁਲ ਪੂਜ ਸੰਗ ਲੈ ਆਵੈ। ਸੋ ਸਮਰਥ ਜਗਤ ਕੀ ਪਾਵੈ। ਹੰਸ ਹੋਇ ਪੁਨ ਕਰੇ ਪ੍ਰਨਾਮਾ।**

**ਗੁਰੂ ਸਾਹਿਬ ਰੰਗ ਪਰਖਿਉ ਸਿਆਮਾ ॥**
**ਗੁਰ ਉਠ ਮਈਯਰ ਚਰਨੀ ਲਾਗੇ ॥**



Sri Satguru Jagjit Singh Ji eLibrary NamdhariElibrary@gmail.com

ਤਬੈ ਕਲੇਵਰ ਛਿਤ ਕੇ ਭਾਗੋ ॥
ਜਾਮਾ ਤ੍ਰੈਦਸ ਮਈਯਰ ਪਾਵੈ ॥
ਸੁਕ ਸੰਬਾਦ ਭਗੋਲ ਸੁਣਾਵੈ ॥

ਬਾਰਵੇਂ ਸਤਿਗੁਰੂ ਜੀ ਜੱਗ ਸੰਪੂਰਨ ਕਰ ਕੇ ਉਠ ਕੇ ਮਈਯਰ ਦੇ ਚਰਨਾ ਤੇ ਮੱਥਾ ਟੇਕਣਗੇ ਤੇ ਗੁਰ ਗਦੀ ਦੀ ਰੀਤ ਪੰਜ ਪੈਸੇ ਤੇ ਨਾਰਯਲ ਰਖ ਕੇ ਗੁਰਆਈ ਦਾ ਤਿਲਕ ਲਾ ਦੇਣਗੇ। ਤੇ ਮਈਯਰ ਤੇਹਰਵਾਂ ਜਾਮਾ ਗੁਰੂ ਹੋਵੇਗਾ। ਸਭ ਚਰਨੀ ਪੈਣਗੇ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ (ਗੁਰੂ ਸਾਹਿਬ ਰੰਗ ਪੁਰਖਯੋ ਸਿਆਮਾ) ਸਤਿਗੁਰਾਂ ਦਾ ਰੰਗ ਸਯਾਮ ਤੇ ਹੰਸਾਂ ਵਾਲੀ ਚਾਲ ਹੋਵੇਗੀ। ਭੋਗਲ ਪੁਰਾਨ ਦੀ ਕਥਾ ਸੁਕਦੇਵ ਜੀ ਨੇ ਇਹ ਕਥਾ ਦੇਵਤਿਆਂ ਨੂੰ ਸੁਣਾਈ ਸੀ ਤੇ ਇਹ ਕਥਾ ਵਿਰਲਾ ਹੀ ਜਾਣੇਗਾ **ਇਤ ਸ੍ਰੀ ਭਗਵਤ ਮਹਾਂ ਪੁਨੀਤੇ ਗਾਏ ਕਵਿ ਸਯਾਮ ਸਾਂਵਰੋ ਗੀਤੇ** (ਸਾਂਵਰੋ ਸਰੂਪ ਗੁਰਾਂ ਦੇ ਗੀਤ) ਇਤ ਦਵਾਦਸ ਗੁਰਿੰਡੇ ਅਵਨੀ ਆਇ ਤੇ ਬਿਚਰਤੰ ॥

**ਸ੍ਰੀ ਭਗਵਤ ਦੁਆਦਸ ਸਕੰਧਹਿ ਭੋਗਲ ਧਿਆਇ ਉਚਰਤੰ ॥**
**ਸੁਕਦੇਵ ਰਾਜੇ ਪ੍ਰੀਛਤ ਪ੍ਰਤਿ ਚਤਰਦਸ ਗੁਰਿੰਡੇ**
**ਮਹਿਮਾ ਬਰਨਨੰ ਸੰਪੂਰਨਹਿ ॥**

ਗੁਰੂ ਘਰ ਦਾ ਕੂਕਰ
**ਮੰਗਲ ਸਿੰਘ ਨਾਮਧਾਰੀ (ਪ੍ਰਦੇਸੀ)**
ਫਤੇਹਗੜ ਚੂੜੀਆਂ ਖਾਸ—ਮਹਲਾ ਹਵੇਲੀਆਂ
ਜਿਲਾ ਗੁਰਦਾਸਪੁਰ (ਪੰਜਾਬ)



Sri Satguru Jagjit Singh Ji eLibrary NamdhariElibrary@gmail.com

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸਹਾਇ ॥

www.archive.org/details/namdhari

# ਨਵੇਂੜ ਦਾ ਨਾਟਕ

ਗੁਰੂ ਘਰ ਦਾ ਕੂਕਰ

**ਮੰਗਲ ਸਿੰਘ ਨਾਮਧਾਰੀ (ਪ੍ਰਦੇਸੀ)**

ਮਹਲਾ ਹਵੇਲੀਆਂ, ਫਤੇਹਗੜ੍ਹ ਚੂੜੀਆਂ ਖਾਸ,

(ਜ਼ਿਲਾ ਗੁਰਦਾਸਪੁਰ, ਪੰਜਾਬ)

www.archive.org/details/namdhari



੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਨਦੇੜ ਦਾ ਨਾਟਕ

ਸ੍ਰੀ ਸਤਿਗੁਰੁ ਗੋਬਿੰਦ ਸਿੰਘ ਜੀ ਨੇ ਨਦੇੜ ਵਿਚ ਇਕ ਬੜਾ ਵਡਾ ਸਾਂਗ ਰਚਿਆ ਜਿਹੜਾ ਪਹਿਲਾਂ ਵੀ ਚਮਕੌਰ ਦੀ ਗੜ੍ਹੀ ਤੋਂ ਨਿਕਲਣ ਵੇਲੇ ਰਚ ਚੁਕੇ ਸਨ। ਇਤਹਾਸ ਦਵਾਰਾ ਇਹ ਗਲ ਸਿਧ ਹੁੰਦੀ ਹੈ ਕਿ ਗੁਰੂ ਜੀ ਨੇ ਨਦੇੜ ਵਿਚ ਸ੍ਰੀਰ ਨਹੀਂ ਛਡਿਆ ਸਗੋਂ ਚਰਿਤ੍ਰ ਕਰ ਕੇ ਉਥੋਂ ਰਾਤ ਦੇ ਵਕਤ ਨਿਕਲ ਆਇ। ਇਹ ਸਾਂਗ ਕਰਨ ਲਗਿਆਂ ਭਾਈ ਦਯਾ ਸਿੰਘ ਨੂੰ ਸਾਰਾ ਭੇਦ ਦਸ ਦਿਤਾ ਤੇ ਨਾਲ ਹੀ ਇਹ ਪਕੀ ਕਰ ਦਿਤੀ ਸੀ ਕਿ ਇਹ ਭੇਦ ਕਿਸੇ ਨੂੰ ਨਹੀਂ ਦਸਣਾ। ਫੇਰ ਸਭ ਸੰਗਤ ਜੋ ਉਸ ਵੇਲੇ ਨਦੇੜ ਸੀ ਸਤਗੁਰਾਂ ਹੁਕਮ ਕੀਤਾ। ਕਨਾਤ ਲਗਾ ਦੇਵੋ ਤੇ ਕਨਾਤ ਅੰਦਰ ਇਕ ਅੰਗੀਠਾ ਤਿਆਰ ਕਰੋ। ਲਕੜਾਂ ਵੀ ਅੰਗੀਠੇ ਕੋਲ ਕਨਾਤ ਅੰਦਰ ਰਖਵਾ ਕੇ ਫੇਰ ਹੁਕਮ ਕੀਤਾ ਤਬੇਲੇ ਵਿਚ ਹੀ ਘੋੜੇ ਤੇ ਕਾਠੀ ਪਾ ਦੇਵੋ। ਅਤੇ ਸਭ ਕਨਾਤ ਤੋਂ ਬਾਹਰ ਬੈਠਣ ਤੇ ਨਾਮ ਜਪਣਾ। ਕਨਾਤ ਵਲ ਵੇਖਣਾ ਨਹੀਂ ਸਗੋਂ ਪਿਠ ਕਰ ਕੇ ਬੈਠਣਾ ਨਾਮ ਜਪਨਾ ਬਾਣੀ ਪੜਨੀ। ਅਤੇ ਏਹ ਸਾਡਾ ਅੰਗੀਠਾ ਕਿਸੇ ਨਹੀਂ ਫੋਲਣਾ ਤੇ ਨਾ ਕੋਈ ਸਮਾਧ ਬਣਾਵਨੀ। ਜਿਹੜਾ ਕੋਊ ਸਮਾਧ ਬਣਾਵੇਗਾ ਉਸਦੀ ਜੜ੍ਹ ਪੁਟੀ ਜਾਊਗੀ ਕੁਲ ਮਾਰੀ ਜਾਊਗੀ। ਇਸ ਤਰ੍ਹਾਂ ਸਭ ਸੰਗਤ ਨੂੰ ਹੁਕਮ ਕੀਤਾ। ਇਹ ਵੀ ਸਾਂਗ ਬੜਾ ਭਾਰੀ ਕੀਤਾ। ਤੇ ਅੰਗੀਠੇ ਵਿਚ ਲਕੜਾਂ ਰਖ ਕੇ ਉਸ ਚਿਖਾ ਨੂੰ ਅੱਗ ਲਾ ਦਿੱਤੀ ਤੇ ਉਚੀ ਅਵਾਜ਼ ਨਾਲ ਫਤੇਹ ਬੁਲਾਈ। ਅੰਗੀਠੇ ਨੂੰ ਅੱਗ ਲਾ ਕੇ ਫਤੇਹ ਬੁਲਾਈ ਤੇ ਘੋੜਾ ਤਬੇਲੇ ਵਿਚ ਹੀ ਸੀ ਕਾਠੀ ਪਾ ਕੇ ਤਿਆਰ ਕੀਤਾ ਹੋਯਾ ਸੀ। ਤਬੇਲੇ ਵਿਚੋਂ ਖੋਹਲ ਕੇ ਅਸਵਾਰੀ ਕਰ ਕੇ ਰਾਤ ਨੂੰ ਹੀ ਨਦੇੜ ਤੋਂ ਨਿਕਲ ਗਏ। ਹਕੂਮਤ ਦੀ ਅੱਖੀਂ ਘਟਾ ਪਾਇਆ ਅਤੇ ਸੰਗਤ ਸਭ ਵਰਲਾਪ ਕਰਨ ਲਗੀ। ਗੁਰੂ ਕਾ ਹੁਕਮ ਕਿਸੇ ਨੇ ਨਾ ਮੰਨਿਆ। ਇਹ ਬੜਾ ਭਾਰੀ ਚੋਜ ਸਾਂਗ ਸੀ। ਸਿਰਫ ਹਕੂਮਤ ਨੂੰ ਦਸਣ ਵਾਸਤੇ ਹੀ ਖੇਲ ਕੀਤਾ ਕਿਉਂਕਿ ਗੁਰੂ ਜੀ ਉਤੇ ਹਮਲਾ ਕਰਨ ਲਈ ਬਹਾਦਰ ਸ਼ਾਹ ਨੇ ਗੁਪਤ ਸਾਜ਼ਸ਼ ਬਣਾਈ ਹੋਈ ਸੀ। ਸਤਿਗੁਰੂ ਅੰਤਰਜਾਮੀ ਸਭ



Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਨੀਤੀਵਾਨ ਸਨ। ਏਹ ਸਤਿਗੁਰਾਂ ਉਸ ਵੇਲੇ ਤਾਂ ਭਾਰੀ ਸਾਂਗ ਕੀਤਾ, ਸਿਰਫ ਹਕੂਮਤ ਦੀ ਅੱਖੀਂ ਘਟਾ ਪਾ ਕੇ ਹਕੂਮਤ ਨੂੰ ਦਸ ਦਿਤਾ। ਤੇ ਇਹ ਸਾਂਗ ਰਚ ਕੇ ਨਦੇੜ ਵਿਚੋਂ ਨਿਕਲ ਗਏ। ਇਹ ਕੌਤਕ ਨਿਰਾਲਾ ਕੌਤਕ ਸੀ ਜੋ ਕੀਤਾ। ਪਹਿਲਾਂ ਚਮਕੌਰ ਵਿਚ ਵੀ ਕੌਤਕ ਕਰ ਕੇ ਸੰਗਤ ਸਿੰਘ ਦੇ ਸਿਰ ਕਲਗੀ ਤੋੜਾ ਰਖ ਕੇ ਰਾਤ ਨਿਕਲੇ ਸਨ। ਇਸੇ ਤਰ੍ਹਾਂ ਹੀ ਚਮਕੌਰ ਤੋਂ ਵੀ ਨਿਰਾਲਾ ਤੇ ਭਾਰੀ ਕੌਤਕ ਨਦੇੜ ਵਿਚ ਕੀਤਾ ਤੇ ਰਾਤ ਹੀ ਉਥੋਂ ਨਿਕਲੇ। ਪਰ ਭਾਈ ਦਯਾ ਸਿੰਘ ਨੂੰ ਪੂਰਾ ਭੇਤ ਸੀ। ਇਧਰ ਨਦੇੜ ਵਿਚ ਸੰਗਤ ਵਿਰਲਾਪ ਕਰਦੀ ਹੈ। ਸਤਿਗੁਰਾਂ ਨੇ ਅਗੋਂ ਹੀ ਸਭ ਕਿਹਾ ਸੀ। ਪੰਥ ਪ੍ਰਕਾਸ਼ ਵਿਚ ਇਹ ਸਿਧ ਹੈ ਕਿ :

**ਕਨਾਤ ਲਗਾ ਕੇ।**
**ਦੂਰ ਕਨਾਤੋਂ ਸਭ ਸਿਖ ਕਰੀਓ।**
**ਹਮਰੀ ਤਰਫ ਨ ਕਊ ਨਿਹਰੀਉ।**
**ਫੋਲਿਉ ਹਮਰਾ ਨਾਹਿ ਅੰਗੀਠਾ।**
**ਨਾਹਿ ਸਮਾਧ ਬਣਾਯੋ ਨੀਠਾ।**
**ਜੋ ਸਮਾਧ ਹਮਰੀ ਬਨਵੈ ਹੈ।**
**ਜਗ ਮਹਿ ਤਿਹ ਸਰਬੰਸ ਨਾ ਰਹਿ ਹੈ।**

*(ਪੰਥ ਪ੍ਰਕਾਸ਼)*

ਜਦੋਂ ਗੁਰੂ ਜੀ ਨਦੇੜ ਵਿਚੋਂ ਨਿਕਲੇ ਤਾਂ ਦਿਨ ਚੜ੍ਹੇ ਉਦਾਸੀ ਸਾਧ ਨੂੰ ਮਿਲੇ ਤੇ ਉਸ ਨੂੰ ਸੁਨੇਹਾ ਦਿਤਾ ਕਿ ਨਦੇੜ ਵਿਚ ਜਾ ਕੇ ਸੰਗਤ ਨੂੰ ਸਾਡਾ ਸੁਨੇਹਾ ਦੇਵੋ। ਉਸ ਉਦਾਸੀ ਸਾਧ ਨੇ ਆ ਕੇ ਸੰਗਤ ਨੂੰ ਸਤਿਗੁਰਾਂ ਦਾ ਸੁਨੇਹਾ ਦਿਤਾ ਕਿ ਮੈਨੂੰ ਸਤਿਗੁਰੂ ਜੀ ਨੇ ਆਪ ਬੁਲਾ ਕੇ ਮੈਨੂੰ ਭਜਨ ਦਸਿਆ ਤੇ ਭਜਨ ਕਰਨ ਦੀ ਪਕੀ ਕੀਤੀ। ਤੇ ਫਿਰ ਹੁਕਮ ਕੀਤਾ ਤੁਸੀਂ ਨਦੇੜ ਜਾ ਕੇ ਸੰਗਤ ਨੂੰ ਮੇਰਾ ਸੁਨੇਹਾ ਦੇ ਦੇਵੋ ਕਿ ਮੇਰਾ ਅੰਗੀਠਾ ਕੋਈ ਨਾ ਹਲਾਵੇ। ਜੋ ਕੋਈ ਵਿਘਨ ਕਰੇਗਾ ਉਸ ਦੀ ਜੜ੍ਹ ਪੁਟੀ ਜਾਵੇਗੀ। ਹਰ ਤਰ੍ਹਾਂ ਸਤਿਗੁਰਾਂ ਨੂੰ ਹਾਜਰ-ਨਾਜਰ ਜਾਣੋ ਮੈਂ ਅਜੇ ਸਰੀਰ ਨਹੀਂ ਛਡਿਆ ਸਿਰਫ ਇਹ ਸਾਂਗ ਹੈ। ਹਕੂਮਤ ਦੀ ਅੱਖੀਂ ਘੱਟਾ ਪਾਯਾ ਹੈ। ਤੇ ਬੰਦੇ ਬਹਾਦਰ ਕੋਲੋਂ ਕੰਮ ਲੈਣਾ ਹੈ। ਅਰੁ ਮੈਂ ਅਡੋਲ ਵਿਚਰ ਕੇ ਸਭ ਵੇਖਣਾ ਹੈ। ਉਸ ਉਦਾਸੀ ਸਾਧ ਨੇ ਨਦੇੜ ਆ ਕੇ ਤੇ ਸੰਗਤ ਨੂੰ ਸਭ ਕੁਝ ਦਸਿਆ ਤੇ ਭਰੋਸਾ ਦਿਤਾ। ਸਭ ਸੰਗਤ ਹੈਰਾਨ ਹੋ ਗਈ। ਫ਼ਿਰ ਥੋਹੜੇ



Sri Satguru Jagjit Singh Ji eLibrary NamdhariElibrary@gmail.com

ਚਿਰ ਪਿਛੋਂ ਇਕ ਲੁਬਾਣਾ ਸਿਖ ਜਿਸ ਨੂੰ ਸਤਿਗੁਰ ਮਿਲੇ ਤੇ ਸੁਨੇਹਾ ਦਿਤਾ ਤੇ ਨਾਲੇ ਪ੍ਰਸਾਦ ਵੀ ਦਿਤਾ ਤੇ ਨਦੇੜ ਭੇਜਿਆ। ਤੇ ਆਪਣਾ ਪ੍ਰੋਗਰਾਮ ਪੰਜਾਬ ਵਲ ਔਣ ਦਾ ਦਸਿਆ। ਜਿਹੜਾ ਪਹਿਲਾਂ ਬੰਦੇ ਬਹਾਦਰ ਨੂੰ ਪੰਜਾਬ ਵਲ ਭੇਜ ਕੇ ਸਾਹਿਬ- ਜ਼ਾਦਿਆਂ ਦਾ ਵੈਰ ਲੈਣ ਨੂੰ ਤੇ ਜ਼ੁਲਮ ਦਾ ਨਾਸ ਕਰਨ ਲਈ ਸਿਖਿਆ ਦੇ ਕੇ ਤੋਰਿਆ ਸੀ। ਅਤੇ ਉਸ ਲੁਬਾਣੇ ਸਿਖ ਨੇ ਨਦੇੜ ਆ ਕੇ ਸੰਗਤ ਨੂੰ ਦਸਿਆ। ਅਤੇ ਸਾਰੀ ਸੰਗਤ ਵੈਰਾਗ ਕਰਦੀ ਸੀ। ਲੁਬਾਣੇ ਸਿਖ ਨੇ ਸਤਿਗੁਰਾਂ ਦਾ ਸੁਨੇਹਾ ਦਿਤਾ। ਪੱਥਰ ਦੇ ਛਾਪੇ ਦੇ ਪੰਥ ਪ੍ਰਕਾਸ਼ ਵਿਚ ਗਿਯਾਨੀ ਗਿਯਾਨ ਸਿੰਘ ਜੀ ਲਿਖਦੇ ਹਨ :

**ਇਤਨੇ ਮਹਿ ਇਕ ਸਿਖ ਲੁਬਾਣਾ। ਜਿਹ ਸੰਗਤ ਤਹਿ ਕੀਓ ਪਯਾਨਾ।**
**ਤਿਨ ਆਣ ਕੇ ਫਤੇਹ ਗਜਾਈ। ਸਤਿਗੁਰੂ ਵਾਕ ਸੁ ਤਾਹਿ ਸੁਣਾਈ।**
**ਹਮ ਆਵਤ ਇਸ ਨਗਰ ਮਝਾਰੇ। ਗੇਹੂੰ ਲਾਦੇ ਬੈਲ ਹਮਾਰੇ।**
**ਸਤਿਗੁਰ ਮਿਲੇ ਮੋਹਿ ਮਗ ਮਾਹੀਂ। ਕਹੀ ਬਾਤ ਜੇਤਮ ਹਮ ਪਾਹੀ।**
**ਸੰਗਤ ਕੋ ਸੰਦੇਸਾ ਦੀਜੇ। ਯਹ ਪ੍ਰਸਾਦ ਸਭ ਕੋ ਬਟ ਦੀਜੇ।**
**ਏਕ ਔਰ ਬਚ ਗੁਰ ਫਰਮਾਯਾ। ਰੌਹ ਸਿੰਘ ਮੈਂ ਤੁਮਹਿ ਸਦਾਇਆ।**
**ਮਤ ਚਿੰਤਾ ਸੰਗਤ ਮਮ ਕਰੈ। ਸ੍ਰੀ ਅਕਾਲ ਸੰਕਟ ਸਭ ਹਰੈ।**
**ਬ੍ਰਿਧ ਮਾਤ ਔ ਕੁਵਰ ਨਿਦਾਨ। ਤਿਨ ਪੈ ਜੁਲਮ ਜਿਨ ਕੀਆ ਜਾਨ।**
**ਤਿਨ ਕੇ ਹੇਤ ਮੈ ਜਾਂਵਊ ਤਹਾਂ। (ਪੰਜਾਬ ਵਲ) ਸ੍ਰੀ ਅਕਾਲ ਜੀ ਹੈ ਥਿਤ ਜਹਾਂ।**
**ਨਿਰਵੈਰੇ ਸੰਗ ਵੈਰ ਕਮਾਵੈ। ਜੜ੍ਹ ਉਖਾੜ ਤੇ ਅਗਨ ਜਰਾਵੈਂ।**

*(ਪੰਥ ਪ੍ਰਕਾਸ਼)*

ਇਸ ਤੋਂ ਵੀ ਸੰਗਤ ਨੂੰ ਪੂਰਾ ਭਰੋਸਾ ਨਾ ਹੋਯਾ। ਤੇ ਫਿਰ ਇਕ ਹੋਰ ਉਦਾਸੀ ਸਾਧ ਨੂੰ ਸਤਿਗੁਰ ਮਿਲੇ ਤੇ ਉਸ ਦੀ ਹਥੀਂ ਵੀ ਸੁਨੇਹਾ ਭੇਜਿਆ। ਉਸ ਸਾਧ ਨੇ ਵੀ ਆ ਕੇ ਸਤਿਗੁਰਾਂ ਦਾ ਸੁਨੇਹਾ ਦਿਤਾ। ਕਿਹਾ ਕਿ ਨਦੇੜ ਜਾ ਕੇ ਸੰਗਤ ਨੂੰ ਸਾਡਾ ਸੁਨੇਹਾ ਦੇਵੋ। ਕਿ ਅਸੀਂ ਕਿਤੇ ਗਏ ਨਹੀਂ ਏਥੇ ਹੀ ਹਾਂ। ਅਸਾਂ ਇਹ ਖੇਲ ਕੀਤਾ ਹੈ। ਘਬਰਾਨਾ ਨਹੀਂ। ਇਸ ਤਰ੍ਹਾਂ ਸੁਣ ਕੇ ਸਭ ਨੂੰ ਤੱਸਲੀ ਹੋਈ। ਉਦਾਸੀ ਸਾਧ ਨੇ ਸੰਗਤ ਨੂੰ ਪੁਛਿਆ ਕਿ ਤੁਸੀਂ ਕਿਉਂ ਏਸ ਤਰ੍ਹਾਂ ਵੈਰਾਗ ਕਰਦੇ ਹੋ। ਤਾਂ ਸਿਖਾਂ ਨੇ ਕਿਹਾ ਕਿ ਗੁਰੂ ਜੀ ਪ੍ਰਲੋਕ ਗਮਨ ਕਰ ਗਏ ਹਨ। ਅਤੇ



Sri Satguru Jagjit Singh Ji eLibrary NamdhariElibrary@gmail.com

ਕੋਈ ਭੇਦ ਨਹੀਂ ਦਿਤਾ ਤੇ ਨਾ ਹੀ ਕਿਸੇ ਨੂੰ ਸੰਭਾਲ ਕੀਤੀ ਹੈ। ਕਿਸੇ ਦਾ ਪੱਲਾ ਨਹੀਂ ਫੜਾ ਗਏ। ਤਾਂ ਉਦਾਸੀ ਸਾਧ ਨੇ ਫੇਰ ਦਸਿਆ ਕਿ ਸਤਿਗੁਰਾਂ ਮੈਨੂੰ ਸੁਨੇਹਾ ਏਸ ਤਰ੍ਹਾਂ ਦਿਤਾ ਤਾਂ ਮੈਂ ਸਤਿਗੁਰਾਂ ਨੂੰ ਅਗੋਂ ਪੁਛਿਆ ਕਿ ਮਹਾਰਾਜ ਜੀ ਆਪ ਅਕੱਲੇ ਕਿਧਰ ਜਾ ਰਹੇ ਹੋ। ਤੁਹਾਡੇ ਨਾਲ ਸੇਵਕ ਵੀ ਕੋਈ ਨਹੀਂ ਹੈ। ਹੇ ਨਾਥ ਅਕੇਲੇ ਕਿਧਰ ਜਾ ਰਹੇ ਹੋ। ਅਗੋਂ ਸਤਿਗੁਰਾਂ ਮੁਸਕਰਾਂ ਕੇ ਬਚਨ ਕੀਤਾ। ਕਿ ਅਸੀਂ ਕੁਛ ਚਿਰ ਵਿਚਰ ਕੇ ਮਨ ਭਾਂਵਦੀ ਸੈਰ ਕਰਨੀ ਹੈ। ਅਨੰਦ ਮਾਨਣਾ ਹੈ। ਏਸ ਤਰ੍ਹਾਂ ਸਾਧੂ ਨੇ ਦਸਿਆ ਤੇ ਕਿਹਾ ਕਿ ਜੇ ਸਤਿਗੁਰ ਜੀ ਪ੍ਰਲੋਕ ਗਮਨ ਕਰ ਜਾਂਦੇ ਤਾਂ ਮੈਨੂੰ ਕਿਉਂ ਇਸ ਤਰ੍ਹਾਂ ਮਿਲਦੇ ਤੇ ਸੁਨੇਹਾ ਦੇਵਦੇ। ਤੇ ਗਿਆਨੀ ਗਿਯਾਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਏਹ ਇਸ ਤਰ੍ਹਾਂ ਹੀ ਦਸਿਆ ਹੈ। ਇਸ ਤਰ੍ਹਾਂ ਲਿਖਿਆ ਹੈ। ਉਦਾਸੀ ਸਾਧ ਨੇ ਸੰਗਤ ਨੂੰ ਕਿਹਾ ਕਿ :

**ਜੇ ਤਿਨ ਕੀਤਾ ਗਮਨ ਪ੍ਰਲੋਕ।**
**ਮੈਂ ਕਿਮ ਲੇਤਾ ਦਰਸ ਬਿਲੋਕ।**
**ਪੰਥ ਪਯਾਨਤਿ ਭਲਿ ਬਿਧ ਹੇਰੇ।**
**ਤਉ ਪ੍ਰਲੋਕ ਕਿਮ ਸੰਸੇ ਮੇਰੇ।**

*(ਪੰਥ ਪ੍ਰਕਾਸ਼ ਗਿਆਨੀ ਗਿਯਾਨ ਸਿੰਘ ਜੀ)*

ਅਤੇ ਭਾਈ ਸੰਤੋਖ ਸਿੰਘ ਜੀ ਵੀ ਲਿਖਿਆ ਹੈ। ਤੇ ਅੰਗ੍ਰੇਜ਼ ਮੈਕਾਲਫ ਵਰਗੇ ਵੀ ਇਹ ਮੰਨਿਆ ਹੈ। ਜਿਸ ਨੇ ਆਪਨੀ ਪੁਸਤਕ ਹੀ ਸਿੰਘ ਸਭਾਈ ਅਸਰ ਅਧੀਨ ਤੇ ਸਿੰਘ ਸਭਾਈ ਆਗੂਆਂ ਵਲੋਂ ਪ੍ਰਦਾਨ ਕੀਤੇ ਗਯਾਨ ਦੇ ਸਹਾਰੇ ਲਿਖੀ ਹੋਈ ਹੈ। ਹੋਰ ਇਤਹਾਸ ਕਿਤੇ ਰਹੇ, ਗੁਰੂ ਕੇ ਬਚਨਾਂ ਤੇ ਪ੍ਰਤੀਤ ਨਹੀਂ ਰਹੀ। ਹਾਂ ਜੀ, ਫਿਰ ਸਚੇ ਪਾਤਿਸ਼ਾਹ ਜੀ ਨੇ ਬਾਲਾ ਰਾਇ ਤੇ ਰੁਸਤੁਮ ਰਾਇ ਨੂੰ ਕੈਦ ਵਿਚੋਂ ਕਢਨ ਦਾ ਵੀ ਪ੍ਰਤੱਖ ਪ੍ਰਮਾਨ ਹੈ। ਹਕੂਮਤ ਨੇ ਬਾਲਾ ਰਾਇ ਤੇ ਰੁਸਤੁਮ ਰਾਇ ਨੂੰ ਪੂਨੇ ਸਤਾਰੇ ਦੇ ਕਿਲੇ ਵਿਚ ਕੈਦ ਕਰ ਕੇ ਹੱਥਕੜੀਆਂ ਤੇ ਬੇੜੀਆਂ ਲਾਈਆਂ ਹੋਈਆਂ ਸਨ। ਉਹ ਦਿਨ ਰਾਤ ਦੇਵੀ-ਦੇਵਤਿਆਂ ਦੀ ਅਰਾਧਨਾ ਕਰਦੇ ਤੇ ਪੀਰਾਂ ਪੈਗੰਬਰਾਂ ਨੂੰ ਯਾਦ ਕਰ ਕਰ ਬੇਨਤੀਆਂ ਕਰਦੇ ਸਨ। ਪਰ ਉਹਨਾਂ ਦੀ ਕਿਸੇ ਫਰਿਆਦ ਨਾ ਸੁਣੀ। ਉਥੇ ਜੇਹਲ ਵਿਚ ਇਕ ਸਿਖ ਨੌਕਰ ਸੀ। ਉਸ ਨੇ ਕਹਿਆ ਕਿ ਤੁਸੀਂ ਗੁਰੂ ਨਾਨਕ ਨੂੰ ਯਾਦ ਕਰੋ। ਉਸ ਵੇਲੇ ਦਸਵਾਂ ਰੂਪ ਗੁਰੂ ਨਾਨਕ ਦਾ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ। ਹਾਜ਼ਰ-ਨਾਜ਼ਰ ਗੁਰ ਗੱਦੀ ਤੇ ਸਨ। ਬਾਲਾ ਰਾਇ ਤੇ ਰੁਸਤੁਮ ਰਾਇ ਨੇ ਅੰਦਰੋਂ ਅਰਦਾਸ ਕੀਤੀ ਕਿ ਹੇ



Sri Satguru Jagjit Singh Ji eLibrary NamdhariElibrary@gmail.com

ਗੁਰੂ ਨਾਨਕ ਜੀ! ਆਪ ਮਿਹਰ ਕਰੋ ਸਾਡੀ ਬੰਦ ਖਲਾਸ ਕਰੋ,, ਰਖਿਆ ਕਰੋ ਜੀ। ਉਸ ਵੇਲੇ ਦਸਵਾਂ ਗੁਰੂ ਰੂਪ ਗੁਰੂ ਨਾਨਕ ਜੀ ਨਦੇੜ ਵਿਚੋਂ ਸਾਂਗ ਕਰ ਕੇ ਨਿਕਲ ਆਇ ਸਨ। ਤੇ ਉਦਾਸੀ ਸਾਧਾਂ ਦੀ ਹਥੀਂ ਤੇ ਲੁਬਾਣੇ ਸਿਖ ਦੀ ਹਥੀਂ ਸੁਨੇਹਾ ਨਦੇੜ ਭੇਜ ਕੇ ਆਪ ਫਿਰ ਉਨ੍ਹਾਂ ਰਾਜਪੂਤ ਰਾਜਿਆਂ ਦੀ ਰਖਿਆ ਵਾਸਤੇ ਸਤਾਰੇ ਦੇ ਕਿਲੇ ਵਿਚ ਰਾਤ ਪਹੁੰਚੇ। ਤੇ ਉਚੀ ਅਵਾਜ਼ ਮਾਰੀ ਤੇ ਦੋਹਾਂ ਭਰਾਵਾਂ ਨੂੰ ਅਕਾਲ ਪੁਰਖ ਦਾ ਨਾਮ ਜਪਨ ਦਾ ਹੁਕਮ ਕੀਤਾ। ਸਿਮਰਨ ਦਾ ਨਾਮ ਲੈਣ ਸਾਰ ਹੀ ਦੋਹਾਂ ਭਰਾਵਾਂ ਦੀਆਂ ਹੱਥਕੜੀਆਂ ਬੇੜੀਆਂ ਖੁਲ੍ਹ ਗਈਆਂ। ਤੇ ਦੋਹਾਂ ਭਰਾਵਾਂ ਨੂੰ ਹੁਕਮ ਕੀਤਾ ਕਿ ਰਕਾਬਾਂ ਨੂੰ ਹੱਥ ਘੁੱਟ ਕੇ ਪਾ ਲਵੋ। ਇਕ ਉਸ ਪਾਸੇ ਤੇ ਇਕ ਉਸ ਪਾਸੇ, ਦੋਹਾਂ ਨੇ ਦੋਏ ਰਕਾਬਾਂ ਘੁੱਟ ਕੇ ਫੜ ਲਈਆਂ ਤੇ ਸਤਿਗੁਰਾਂ ਆਖਿਆ ਤੁਸੀਂ ਉਚੀ ਵਾਜ਼ ਮਾਰ ਕੇ ਆਖੋ ਕਿ ਅਸੀਂ ਕੈਦ ਤੋਂ ਛੁਟ ਕੇ ਨਿਕਲ ਚਲੇ ਹਾਂ ਸਾਡਾ ਮਾਲਕ ਸਾਨੂੰ ਲੈ ਚਲਿਆ ਹੈ। ਜੇ ਕਿਸੇ ਦੀ ਤਾਕਤ ਹੈ ਤਾਂ ਸਾਨੂੰ ਰੋਕੇ ਅਸੀਂ ਜਾ ਰਹੇ ਹਾਂ ਏਹ ਦੋਹਾਂ ਭਰਾਵਾਂ ਵੰਗਾਰ ਕੇ ਵਾਜ਼ ਮਾਰੀ। ਤੇ ਸਤਿਗੁਰਾਂ ਘੋੜੇ ਨੂੰ ਉਥੋਂ ਉਡਾਯਾ ਤੇ ਦੋਹਾਂ ਭਰਾਵਾਂ ਨੂੰ ਕਿਲੇ ਵਿਚੋਂ ਕੈਦ ਤੋਂ ਛਡਾ ਕੇ ਮਨਮਾੜ ਲਿਆ ਕੇ ਛਡ ਦਿਤਾ, ਤੇ ਹੁਕਮ ਕੀਤਾ ਤੁਸੀਂ ਵੀ ਨਦੇੜ ਜਾ ਕੇ ਸੰਗਤ ਨੂੰ ਭਰੋਸਾ ਦੇਣਾ। ਉਨਾਂ ਦੋਹਾਂ ਭਰਾਵਾਂ ਵੀ ਨਦੇੜ ਵਿਚ ਸੰਗਤ ਨੂੰ ਦਸਿਆ ਭਰੋਸਾ ਦਵਾਇਆ। ਮਨਮਾੜ ਗੁਪਤਸਰ ਗੁਰਦਵਾਰਾ ਏਸੇ ਹੀ ਘਟਨਾ ਦਾ ਹੁਣ ਤਕ ਮੌਜੂਦ ਹੈ। ਰੁਸਤਮ ਰਾਇ ਬਾਲਾ ਰਾਏ ਨੂੰ ਕੈਦ ਵਿਚੋਂ ਕਢ ਕੇ ਮਨਮਾੜ ਛੱਡ ਕੇ ਬਾਲਾ ਰਾਏ ਰੁਸਤੁਮ ਰਾਏ ਦੀ ਹਥੀਂ ਵੀ ਨਦੇੜ ਸੰਗਤ ਨੂੰ ਸੁਨੇਹਾ ਭੇਜਿਆ ਤੇ ਆਪ ਫੇਰ ਭਾਦਰੇ ਦੀ ਰਯਾਸਤ ਵਿਚ ਚਲੇ ਗਏ। ਭਾਦਰੇ ਦੇ ਰਾਜੇ ਦੀ ਵੀ ਸਹਾਇਤਾ ਕੀਤੀ। ਆਪਣਾ ਭੇਸ ਬਦਲ ਲਿਆ। ਏਥੇ ਭਾਦਰੇ ਰਯਾਸਤ ਵਿਚ ਵੀ ਬੜੇ ਕੌਤਕ ਕੀਤੇ। ਸੰਮਤ ੧੭੬੫ ਬਿਕ੍ਰਮੀ ਤੋਂ ਲੈ ਕੇ ਸੰਮਤ ੧੮੧੨ ਬਿਕ੍ਰਮੀ ਤਕ ਭਾਦਰੇ ਰਹੇ। ਤੇ ਫੇਰ ਉਥੋਂ ਜੀਂਦ ਆ ਗਏ। ਸੰਮਤ ੧੮੧੮ ਤਕ ਜੀਂਦ ਰਹੇ। ਫੇਰ ਪਟਿਆਲੇ ਆ ਕੇ ਨਿਵਾਸ ਕੀਤਾ। ਰਾਣੀ ਆਸ ਕੌਰ ਦੀ ਸਰਾਂ ਪਟਿਆਲੇ ਮੇਂ ਹੈ। ਉਥੇ ਰਹੇ। ਤੇ ਬੜੇ ਕੌਤਕ ਕੀਤੇ। ਧਨੌਲੇ ਪਿੰਡ ਦੀ ਮਾਈ ਸੋਧਾਂ ਦਾ ਕੋਹੜ ਹਟਾਯਾ। ਤੇ ਭਾਈ ਸੁਖਾ ਸਿੰਘ ਭਾਟੜਾ ਗੋਤਾ ਫਤੇਹਗੜ ਦਾ ਰਹਿਣ ਵਾਲਾ ਸੀ ਉਸ ਨੇ ਵੀ (ਗੋਤਾ ਫਤੇਹਗੜ, ਜ਼ਿਲ੍ਹਾ ਸਿਆਲਕੋਟ ਵਿਚ ਹੈ) ਉਥੋਂ ਆ ਕੇ ਦਰਸ਼ਨ ਕੀਤਾ। ਇਥੇ ਮੈਂ ਸਿਰਫ ਇਸ਼ਾਰਾ ਮਾਤ੍ਰ ਹੀ ਦਸਿਆ ਹੈ। ਫੇਰ ਪਟਿਆਲੇ ਹੀ ਸਿਕਲੀ ਗਰਾਂ ਨੂੰ ਸਦ ਕੇ ਰਾਣੀ ਆਸ ਕੌਰ ਨੇ ਮਾਇਆ ਖਰਚ ਕਰ ਕੇ ਸਤਿਗੁਰਾਂ



Sri Satguru Jagjit Singh Ji eLibrary NamdhariElibrary@gmail.com

ਦੇ ਹੁਕਮ ਨਾਲ ਬੰਦੂਕ ਬਣਵਾਨ ਵਾਸਤੇ ਸਿਕਲੀ ਗਰ ਸਦੇ ਤੇ ਆਪ ਸਤਿਗੁਰਾਂ ਬੰਦੂਕ ਬਣਵਾਈ, ਉਹ ਬੰਦੂਕ ਅਜ ਕਲ ਨਾਭੇ ਹੈ। ਪਟਿਆਲੇ ਬਾਰਾਂ ਸਾਲ ਰਹੇ। ੧੮੧੮ ਤੋਂ ਲੈ ਕੇ ੧੮੩੦ ਬਿਕ੍ਰਮੀ ਤਕ ਪਟਿਆਲੇ ਰਹੇ। ਫੇਰ ਨਾਭੇ ਦੀ ਝਿੜੀ ਵਿਚ ਆ ਕੇ ਡੇਰਾ ਲਾਇਆ। ਤੇ ਆਪ ਨੇ ੧੮੬੯ ਬਿਕ੍ਰਮੀ ਤਕ ਨਾਭੇ ਹੀ ਡੇਰਾ ਰਖਿਆ। ਭੇਸ ਬਦਲਿਆ ਹੋਇਆ ਸੀ। ਅਤੇ ਆਪਣਾ ਨਾਮ ਬਾਬਾ ਅਜਾਪਾਲ ਸਿੰਘ ਰਖਿਆ ਸੀ। ਤੇ ਨਾਭੇ ਦੀ ਝਿੜੀ ਵਿਚ ਰਹਿੰਦੇ ਹੀ ਆਪਣੇ ਭੁਗਤਾਂ ਦੀ ਰਛਿਆ ਕਰਦੇ ਰਹੇ। ਭਾਈ ਕਾਨ੍ਹ ਸਿੰਘ ਨਾਭਾ ਦੇ ਪੜਦਾਦਾ ਬਾਬਾ ਸਰੂਪ ਸਿੰਘ ਜੀ ਦੀ ਹੱਥ ਲਿੱਖਤ ਪੋਥੀ ਵਿਚ ਬਾਬਾ ਸਰੂਪ ਸਿੰਘ ਜੀ ਨੇ ਲਿਖਿਆ ਹੈ ਕਿ ਮਹਾਰਾਜ ਜੀ ਦੇ ਪਲੰਗ ਕੋਲ ਬੈਠ ਕੇ ਸੇਵਾ ਕਰਦੇ ਨੂੰ ਕੁਝ ਚਿਰ ਹੋ ਗਿਆ ਤਾਂ ਮਨ ਹੀ ਅੰਦਰ ਇਕ ਦਿਨ ਆਈ। ਕਿ ਰਬ ਨਾ ਭੁਲਾਵੇ। ਇਹ ਤਾਂ ਸ੍ਰੀ ਸਤਿਗੁਰੂ ਜੀ ਹੀ ਹੈਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈਨ। ਅੰਤਰਜਾਮੀ ਸਤਿਗੁਰ ਨੇ ਸਰੂਪ ਸਿੰਘ ਦੇ ਅੰਦਰ ਦੀ ਜਾਣ ਕੇ ਮਾਈ ਸੇਂਦਾਂ ਨੂੰ ਵਾਜ਼ ਮਾਰ ਕੇ ਆਖਿਆ। ਸਰੂਪ ਸਿੰਘ ਨੂੰ ਸਾਡੇ ਪਾਸ ਭੇਜੋ। ਮਾਈ ਸੇਂਦਾਂ ਪਹਿਰੇ ਤੇ ਦਰਵਾਜ਼ੇ ਵਿਚ ਬੈਠੀ ਰਹਿੰਦੀ ਸੀ। ਉਸ ਨੇ ਸਰੂਪ ਸਿੰਘ ਨੂੰ ਕਿਹਾ ਕਿ ਤੈਨੂੰ ਮਹਾਰਾਜ ਜੀ ਯਾਦ ਕਰ ਰਹੇ ਹਨ। ਸਰੂਪ ਸਿੰਘ ਮਹਾਰਾਜ ਜੀ ਪਾਸ ਜਾ ਕੇ ਮਥਾ ਟੇਕਿਆ ਤੇ ਅਗੋਂ ਮਹਾਰਾਜ ਜੀ ਨੇ ਕਿਹਾ ਕਿ ਸਰੂਪ ਸਿੰਘ ਸਾਡੇ ਪਿੰਡੇ ਤੇ ਹੱਥ ਫੇਰੋ। ਬਾਬਾ ਸਰੂਪ ਸਿੰਘ ਜੀ ਪਿੰਡੇ ਤੇ ਹੱਥ ਫੇਰਦੇ ਹਨ। ਬਾਬਾ ਅਜਾਪਾਲ ਸਿੰਘ ਜੀ ਮੰਜੇ ਤੇ ਬੈਠੇ ਹੋਇ ਸਨ। ਜਾ ਸਰੂਪ ਸਿੰਘ ਜੀ ਨੇ ਬਾਬਾ ਜੀ ਮਹਾਰਾਜ ਦੇ ਪਿੰਡੇ ਤੇ ਹੱਥ ਫੇਰਿਆ, ਅਗੋਂ ਫੇਰ ਮਹਾਰਾਜ ਜੀ ਨੇ ਕਿਹਾ ਕਿ ਚੰਗੀ ਤਰ੍ਹਾਂ ਹੱਥ ਫੇਰੋ। ਹੱਥ ਫੇਰਦੇ ਫੇਰਦੇ ਸਰੂਪ ਸਿੰਘ ਜੀ ਨੇ ਵੇਖਿਆ ਕਿ ਵੱਖੀ ਤੇ ਬੜਾ ਜ਼ਖ਼ਮ (ਘਾਉ) ਦਾ ਨਿਸ਼ਾਨ ਹੈ। ਸਰੂਪ ਸਿੰਘ ਨੇ ਪੁਛਿਆ ਕਿ ਮਹਾਰਾਜ ਜੀ ਇਹ ਘਾਉ ਕਿਥੋਂ ਲਗਾ ਵਖੀ ਤੇਂ। ਅਗੋਂ ਮਹਾਰਾਜ ਜੀ ਫਰਮਾਯਾ। ਇਹ ਉਹੀ ਘਾਉ ਦਾ ਨਿਸ਼ਾਨ ਹੈ ਜੋ ਦੱਖਣ ਮੇਂ ਪਠਾਣ ਨੇ ਮਾਰਿਆ ਸੀ। ਇਹ ਸੁਣ ਕੇ ਸਰੂਪ ਸਿੰਘ ਜੀ ਨੂੰ ਪੂਰਾ ਨਿਸਚਾ ਹੋ ਗਿਆ ਕਿ ਇਹ ਤਾਂ ਕਲਗੀਧਰ ਜੀ ਹਨ। ਦਸਮ ਪਾਤਿਸ਼ਾਹ ਪੰਥ ਦੇ ਵਾਲੀ ਹੈਨ। ਤਾਂ ਲਗਾ ਮਖਣ ਸ਼ਾਹ ਵਾਂਗ ਦੁਹਾਈ ਦੇਣ ਲਗਾ। ਅਗੋਂ ਸਚੇ ਪਾਤਿਸ਼ਾਹ ਜੀ ਨੇ ਰੋਕ ਦਿਤਾ ਤੇ ਕਿਹਾ ਕਿ ਭਾਈ ਚੁਪ ਰਹੋ। ਨਾਭੇ ਦੇ ਲੋਕ ਤੇ ਹੋਰ ਦੂਰ-ਦੂਰ ਤੋਂ ਸੰਗਤਾਂ ਦੀ ਭੀੜ ਲਗੀ ਰਹਿੰਦੀ ਤੇ ਸਭ ਦੀਆਂ ਕਾਮਨਾ ਭਾਵਨਾ ਪੂਰੀਆਂ ਹੁੰਦੀਆਂ। ਤੇ ਏਥੋ ਨਾਭੇ ਦੀ ਝਿੜੀ ਵਿਚ ਹੀ ਵਰਨੀ ਕਰਨ ਦੀ ਮਰਯਾਦਾ ਖ਼ਾਲਸੇ ਨੂੰ ਦਸੀ। ਜਿਸ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ



Sri Satguru Jagjit Singh Ji eLibrary NamdhariElibrary@gmail.com

ਨੇ ਪ੍ਰਗਟ ਕਰਕੇ ਸੰਤ ਖ਼ਾਲਸੇ ਨੂੰ ਵਰਨੀ ਕਰਨ ਦੀ ਮਰਯਾਦਾ ਦਸੀ ਸੀ ਤੇ ਵਰਨੀ ਕਰਨ ਦਾ ਹੁਕਮ ਕੀਤਾ। ਇਕ ਦਿਨ ਇਕਾਂਤ ਭਜਨ ਵਿਚ ਲੀਨ ਹੋਏ ਬਾਬਾ ਜੀ ਅਜਾਪਾਲ ਸਿੰਘ ਜੀ ਸਮਾਧੀ ਖੋਹਲੀ। ਤੇ ਮਾਈ ਸੇਂਧਾਂ ਨੂੰ ਵਾਜ਼ ਮਾਰ ਕੇ ਕਿਹਾ। ਰੀ ਸੇਂਧਾਂ ਸਰੂਪ ਸਿੰਘ ਕੋ ਬੁਲਾਉ। ਜਦ ਸਰੂਪ ਸਿੰਘ ਜੀ ਆਏ ਤਾਂ ਸਤਿਗੁਰਾਂ ਬਚਨ ਕੀਤਾ। ਘੋੜੇ ਤੇ ਕਾਠੀ ਪਾ ਕੇ ਤਿਯਾਰ ਕਰੋ। ਗੁਰੂ ਸਿੰਘ ਨੇ ਪੋਠੋਹਾਰ ਦੇ ਇਲਾਕੇ ਅਟਕ ਦੇ ਇਲਾਕੇ ਵਲ ਜਾਣਾ ਹੈ। ਤਿਆਰੀ ਕਰ ਕੇ ਪੰਜ ਸਿੰਘਾਂ ਸਮੇਤ ਪੋਠੋਹਾਰ ਦੇ ਇਲਾਕੇ ਅਟਕ ਵਲ ਗਏ। ਉਧਰ ਉਥੇ ਪਿੰਡ ਸਰਵਾਲਾ ਵਿਚ ਭਾਈ ਦਯਾਲ ਸਿੰਘ ਜੀ ਅਰੋੜਾ ਗੋਤ ਬੱਤਰਾ ਪਿੰਡ ਸਰਵਾਲੇ ਵਿਚ ਨਿਵਾਸ ਕਰਦੇ ਸਨ। ਭਾਈ ਦਯਾਲ ਸਿੰਘ ਜੀ ਦਾ ਸਾਹਿਬਜ਼ਾਦਾ ਬਾਲਕ ਸਿੰਘ ਜੀ। ਇਹ ਛੋਟੀ ਉਮਰ ਵਿਚ ਹੀ ਭਜਨ ਵਿਚ ਮਸਤ ਰਹਿੰਦੇ ਸਨ। ਕਈ ਤਰ੍ਹਾਂ ਦੇ ਚੋਜ ਕਰਦੇ ਰਹਿੰਦੇ ਸਨ। ਪਰ ਅਜੇ ਤਕ ਕਿਸੇ ਗੁਰੂ ਆਤਮਾ ਨਾਲ ਮੇਲ ਨਹੀਂ ਸੀ ਹੋਯਾ। ਭਾਈ ਦਯਾਲ ਸਿੰਘ ਜੀ ਪਿੰਡ ਛੋਈ ਵਿਚ ਹੱਟੀ (ਦੁਕਾਨ) ਕਰਦੇ ਸੀ ਤੇ ਪਿੰਡ ਸਰਵਾਲਾ ਸੀ। ਬਹੁਤ ਸਮਾਂ ਹੋ ਗਿਆ ਗੁਰੂ ਬਾਲਕ ਸਿੰਘ ਜੀ ਨੂੰ ਵੀ ਸਰਵਾਲੇ ਪਿੰਡ ਤੋਂ ਛੋਈ ਪਿੰਡ ਜਾਣਾ ਪੈਂਦਾ ਸੀ। ਪਿਤਾ ਜੀ ਦੇ ਕੋਲ ਦੁਕਾਨ ਤੇ ਜਾਂਦੇ ਸਨ। ਤੇ ਜਿਥੇ ਹਰੋ ਨਦੀ ਤੇ ਦਰਯਾ ਸਿੰਧ ਦਾ ਮੇਲ ਹੁੰਦਾ ਹੈ। ਬੜੀ ਸੁੰਦਰ ਅਕਾਂਤ ਭਜਨ ਕਰਨ ਵਾਲੀ ਜਗ੍ਹਾ ਹੈ। ਉਥੇ ਗੁਰੂ ਬਾਲਕ ਸਿੰਘ ਜੀ ਭਜਨ ਕਰਨਾ ਤੇ ਮਸਤੀ ਵਿਚ ਹੀ ਰਹਿਣਾ। ਤੇ ਪਿਤਾ ਜੀ ਨੇ ਵੀ ਬੜੇ ਬਚਨ ਦਸਣੇ। ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਜੀ ਦੀਆਂ ਸਾਖੀਆਂ ਪਿਤਾ ਜੀ ਸੁਣਾਂਦੇ ਤੇ ਆਪ ਬੜੇ ਧਿਆਨ ਨਾਲ ਸੁਣਦੇ ਰਹਿੰਦੇ। ਇਕ ਦਿਨ ਪਿੰਡ ਸਰਵਾਲੇ ਤੋਂ ਪਿੰਡ ਛੋਈ ਨੂੰ ਜਾ ਰਹੇ ਸਨ। ਮਸਤੀ ਵਿਚ ਜਾ ਰਹੇ ਸਨ। ਜਿਥੇ ਰੋਜ਼ ਬੈਠ ਕੇ ਭਜਨ ਕਰਦੇ ਹੁੰਦੇ ਸਨ। ਹਰੋ ਨਦੀ ਦੇ ਕੰਢੇ ਆਸਣ ਵਛਾ ਕੇ ਬੈਠ ਗਏ। ਤੇ ਇਕ ਆਸਣ ਸ੍ਾਮਣੇ ਕੋਲ ਹੋਰ ਵਛਾ ਲਿਆ ਕਰਦੇ ਸਨ। ਉਸੇ ਤਰ੍ਹਾਂ ਆਸਣ ਵਛਾ ਕੇ ਭਜਨ ਕਰ ਰਹੇ ਹਨ। ਭਜਨ ਕਰ ਕਰ ਭਜਨ ਰੂਪ ਹੀ ਹੋ ਗਏ। ਬਿਰਤੀ ਜੁੜੀ ਹੋਈ ਸੀ। ਉਸ ਵੇਲੇ ਸਵੇਰ ਦਾ ਸਮਾਂ ਸੀ। ਏਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜ ਸਿਖਾਂ ਸ਼ਮੇਤ ਦਰਸ਼ਨ ਦਿਤੇ। ਤੇ ਆਸਣ ਤੇ ਬੈਠ ਗਏ। ਘੋੜਾ ਕੋਲ ਖੜਾ ਕਰ ਲਿਆ। ਸਤਿਗੁਰੂ ਬਾਲਕ ਸਿੰਘ ਜੀ ਦੀ ਸਮਾਧੀ ਖੁਲੀ ਤੇ ਅਗੇ ਆਸਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ। ਚਰਨਾਂ ਤੇ ਮਥਾ ਟੇਕਿਆ। ਪਰ ਗੁਰੂ ਬਾਲਕ ਸਿੰਘ ਜੀ ਦੇ ਪਿਤਾ ਜੀ ਨੇ ਸਾਰੇ ਬਚਨ ਦਸੇ ਹੋਏ ਸਨ। ਗੁਰੂ ਕਲਗੀਧਰ ਦੇ ਚੇਹਰੇ ਦੀ ਨੁਹਾਰ ਨਿਸ਼ਾਨੀ ਸਭ



Sri Satguru Jagjit Singh Ji eLibrary NamdhariElibrary@gmail.com

ਦਸੀ ਹੋਈ ਸੀ। ਝਟ ਹੀ ਪਛਾਣ ਕੇ ਪੁਛਿਆ। ਸਚੇ ਪਾਤਿਸ਼ਾਹ ਜੀ ਆਪ ਮੈਨੂੰ ਦਸੋ ਜੀ ਤੁਸੀਂ ਗੁਰੂ ਕਲਗੀਧਰ ਹੀ ਹੋ। ਮੈਨੂੰ ਦਸੋ ਜੀ। ਅਗੋਂ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ। ਹਾਂ ਠੀਕ ਹੈ। ਪਰ ਹੋਰ ਕੁਝ ਹੁਣ ਪੁਛਣ ਦੀ ਲੋੜ ਨਹੀਂ ਹੈ। ਸਾਡਾ ਅਜ ਤਕ ਏਸੇ ਤਰ੍ਹਾਂ ਵਿਚਰਨਾ ਇਕ ਗੁਪਤ ਰੂਪ ਬਾਤ ਹੈ ਸੀ। ਏਸ ਭੇਦ ਨੂੰ ਪ੍ਰਗਟ ਕਰਨ ਦੀ ਲੋੜ ਨਹੀਂ। ਤੇ ਨਾ ਹੀ ਅਗੋਂ ਕੋਈ ਹੋਰ ਪੁਛਣਾ ਚਾਹੀਦਾ ਹੈ। ਏਸ ਤਰ੍ਹਾਂ ਕਲਗੀਧਰ ਜੀ ਨੇ ਕਹਿ ਕੇ, ਆਪਣੇ ਆਸਣ ਤੋਂ ਉਠ ਕੇ ਗੁਰੂ ਬਾਲਕ ਸਿੰਘ ਜੀ ਨੂੰ ਆਪਣੇ ਥਾਂ ਵਾਲੇ ਆਸਣ ਤੇ ਬਠਾ ਕੇ ਭਜਨ ਕੰਨ ਵਿਚ ਦਸ ਦਿਤਾ। ਤੇ ਪੰਜ ਪੈਸੇ ਤੇ ਨਰਯੇਲ ਅਗੇ ਰਖ ਕੇ ਤੇ ਗੁਰਤਾ ਸੌਂਪ ਦਿਤੀ। ਤਿਲਕ ਲਾ ਦਿਤਾ। ਸੰਮਤ ਬਿਕ੍ਰਮੀ ੧੮੬੯ ਵਸਾਖ ਸੁਦੀ ਦਸਮੀ ਵਾਲੇ ਦਿਨ ਗੁਰਗੱਦੀ ਸੌਂਪੀ ਤੇ ਹੁਕਮ ਕੀਤਾ। ਮੈਂ ਸਿਖੀ ਦਾ ਮਹਲ ਬਣਾਯਾ ਹੈ। ਤੇ ਹੁਣ ਤੁਸਾਂ ਨੂੰ ਖ਼ਾਲਸੇ ਦੀ ਵਾਗ ਡੋਰ ਫੜਾਈ ਹੈ। ਭਜਨ ਦਸੋ ਤੇ ਸੰਸਾਰ ਨੂੰ ਨਾਮ ਰੂਪੀ ਜਹਾਜ਼ ਤੇ ਚਾਹੜ ਕੇ ਪਾਰ ਕਰੋ। ਤੇ ਨਾਮ ਦਾਨ ਇਸਨਾਨ ਦਾ ਪ੍ਰਵਾਹ ਚਲਾਣ ਦਾ ਅਧਿਕਾਰ ਬਖ਼ਸ਼ ਕੇ ਹੁਕਮ ਕੀਤਾ :

**ਪੰਥ ਖ਼ਾਲਸਾ ਖੇਤੀ ਮੇਰੀ।**
**ਕਰੂੰ ਸੰਭਾਲਨ ਮੈਂ ਤਿਸ ਬੇਰੀ।**

ਅਤੇ ਫੇਰ ਹੁਕਮ ਕੀਤਾ ਕਿ ਥੋਹੜੇ ਹੀ ਸਮੇਂ ਨੂੰ ਅਸੀਂ ਆ ਕੇ ਤੁਹਾਡੇ ਕੋਲੋਂ ਇਹ ਅਮਾਨਤ ਗੁਰਤਾ ਲੈ ਲਵਾਂਗੇ।

**ਰਾਮ ਸਿੰਘ ਮੇਰੋ ਹੋਏ ਨਾਮਾ।**
**ਬਾਢੀ ਸੁਤ ਭੈਣੀ ਕੋ ਧਾਮਾ।**

ਰਾਮ ਸਿੰਘ ਮੇਰਾ ਨਾਮ ਹੋਵੇਗਾ। ਅਤੇ ਪੰਜਾਬ ਦੀ ਧਰਤੀ ਵਿਚ ਅਵਤਾਰ ਧਾਰ ਕੇ ਫੇਰ ਤੁਹਾਡੇ ਕੋਲੋਂ ਇਹ ਗੁਰਤਾ ਲੈ ਲਵਾਂਗੇ। ਤੇ ਬਾਹਰਵਾਂ ਜਾਮਾ ਧਾਰ ਕੇ ਸਾਰੀ ਧਰਤੀ ਤੇ ਧਰਮ ਚਲੇਗਾ। ਏਸ ਤਰ੍ਹਾਂ ਹੋਰ ਬਹੁਤ ਬਚਨ ਕਰ ਕੇ ਭਵਿਖਤ ਬਚਨ ਵੀ ਯਾਰਵੇਂ ਤੇ ਬਾਹਰਵੇਂ ਜਾਮੇਂ ਦੇ ਬਾਣੀ ਦਵਾਰਾ ਕਹੇ ਹਨ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰਿਆਈ ਦੇ ਕੇ ਫਿਰ ਨਾਭੇ ਵਾਪਸ ਆਏ ਤੇ ਫਿਰ ਆਪਣੇ ਨਿਜ ਅਸਥਾਨ ਸਚਖੰਡ ਨੂੰ ਗਏ। ਤੇ ਬਾਣੀ ਮੁਖਾਰ ਬਿੰਦ ਤੋਂ ਏਸ ਤਰ੍ਹਾ ਉਚਾਰੀ ਹੈ। ਬਾਣੀ ਇਹ ਸਭ ਕੁਝ ਸਿਧ ਕਰਦੀ ਹੈ।



Sri Satguru Jagjit Singh Ji eLibrary NamdhariElibrary@gmail.com

॥ ਸ੍ਰੀ ਮੁਖ ਵਾਕ ਪਾਤਿਸਾਹੀ ੧੦ਵੀਂ॥

ਜਾਮੇ ਧਾਰੇ ਦਸ ਗੁਰੂ ਨਵ ਸਤ ਕਲਾ ਸੁਧਾਰ॥
ਗੁਪਤਿ ਗਯਾਰਵਾਂ ਖੇਲਸੀ ਕੋਇ ਕੁ ਪਾਵੇ ਪਾਰ॥
ਜਾਮਾ ਪਹਿਰਉਂ ਯਾਰਵਾਂ ਬਾਜਾ ਪੁਰ ਕੇ ਮਾਹਿ॥
ਸੰਗਤ ਮਿਲੇ ਕ੍ਰੋੜ ਦੋਇ ਦਰਸ ਦਿਖਾਵੇ ਤਾਂਹਿ॥
ਤੀਨ ਮਾਸ ਖਟ ਰਹੇਂ ਗੇ ਗ੍ਰਿਹ ਗਨਕਾ ਗੁਰਿਞ॥
ਉਦਰ ਲੋਪ ਅੰਡਾ ਸਹਿਤ ਸੋ ਸਾਖੀ ਬ੍ਰਿਹਮੰਡ॥
ਚੌਕ ਚਾਂਦਨੀ ਖੇਲ ਕਰ ਜਾਏ ਸੋ ਸਣ ਹੀ ਦੇਹ॥
ਰਵ ਮੰਡਲ ਬਡ ਸਬਦ ਕਰ ਬਾਤ ਸੁਨਾਵੇ ਇਹ॥
ਜਾਮਾਂ ਪਹਿਰਉਂ ਬਾਹਰਵਾਂ ਪ੍ਰਗਟ ਆਦਿ ਰਘਬੰਸ॥
ਸੰਗਤ ਮਿਲੇ ਅਨੰਤ ਤਬ ਮਾਨਉਂ (ਕੋਟਿ) ਸਹੰਸ॥
ਦਵਾਦਸ ਪੁਰਖ ਜੋ ਆਦਿ ਸਿ ਸਭ ਹਨ ਕੈ ਸਰਮੌਰ॥
ਸ਼ਕਤ ਅਨੰਤੀ ਆਇ ਗੇ ਆਦਿ ਇਹੈ ਨਹੀ ਅਉਰ॥
ਜਾ ਕੌ ਸੁਰ ਜਸ ਰਟਤ ਹੈਂ ਸੇਖਕ ਕੋਟਿ ਮੇਹਸ॥
ਸੋ ਪ੍ਰਗਟੇਗਾ ਪ੍ਰਿਥੀ ਪਰ ਕੁਲ ਛਤ੍ਰੀਯਨ ਦਨੇਸ਼॥
ਕਵਲ ਭੂ ਤਨਿ ਪ੍ਰਕਾਸ ਹੀ ਬਪੁ ਬਾਹਰਵਾਂ ਬੰਸ॥
ਕੁਸ਼ੂ ਦਿਜਵਰ ਉਦੇ ਹੋਇ ਲਊ ਕਿਰਨ ਸਹੰਸ॥
ਯਾਹੀ ਕੁਲ ਤੇ ਪ੍ਰਗਟ ਹੋਇ ਤਾਹੀ ਕੁਲ ਕੋ ਨਾਮ॥
ਪੁਨ ਦਵਾਦਸ ਗੁਰਿੰਡ ਕੋ ਮੇਰੀ ਹੈ ਪ੍ਰਣਾਮ॥

*(ਸ੍ਰੀ ਮੁਖ ਵਾਕ ਪਾ: ੧੦ਵੀਂ, ਗੁਰਿੰਡ ਨਾਮਾ)*

ਆਪ ਸਚੇ ਪਾਤਿਸਾਹ ਭਵਿਖਤ ਵਾਕ ਬਾਣੀ ਸੰਗਤਾਂ ਨੂੰ ਦਸਦੇ। ਸਤਿਗੁਰੂ ਬਾਲਕ ਸਿੰਘ ਜੀ ਯਾਰਵਾਂ ਗੁਰੂ ਨਾਨਕ ਰੂਪ। ਹੁਣ ਗੁਰ ਗੱਦੀ ਦਾ ਮਾਲਕ ਬੋਹਿਥਾ ਬਣ ਕੇ ਫਿਰ ਸਿਧੇ ਹੀ ਹਜਰੋ ਸ਼ੈਹਰ ਆਇ। ਉਥੇ ਮਾਈ ਪਰੱਬੀ ਰਹਿੰਦੀ ਸੀ। ਉਸ ਦੇ ਘਰ ਆਏ। ਅਗੋਂ ਮਾਈ ਪਰੱਬੀ ਨੇ ਸਿਆਣ ਲਿਆ ਤੇ ਬੜੀ ਖੁਸ਼ੀ ਹੋਈ। ਇਹ ਮਾਈ ਪਰੱਬੀ ਉਹ ਸੀ। ਜਿਸ ਗਨਕਾ ਨੂੰ ਸੰਤਾਂ ਨੇ ਤੋਤਾ



Sri Satguru Jagjit Singh Ji eLibrary NamdhariElibrary@gmail.com

ਦੇ ਕੇ ਉਧਾਰ ਕੀਤਾ ਸੀ। ਤੇ ਉਹ ਸੰਤ ਫੇਰ ਭਾਈ ਬਾਲੇ ਦਾ ਜਨਮ ਧਾਰ ਕੇ
ਗੁਰੂ ਨਾਨਕ ਜੀ ਨਾਲ ਰਹੇ। ਤੇ ਜਦੋਂ ਗੁਰੂ ਨਾਨਕ ਜੀ ਨੇ ਭਾਈ ਲਹਿਣੇ ਨੂੰ
ਗੁਰ ਗੱਦੀ ਦਿਤੀ ਤੇ ਆਪਣਾ ਰੂਪ ਬਣਾ ਦਿਤਾ ਲਹਿਣੇ ਤੋਂ ਅੰਗਦ ਕੀਤਾ।
ਗੁਰੂ ਅੰਗਦ ਜੀ ਨੂੰ ਗੁਰਿਆਈ ਦਿਤੀ। ਉਸ ਵੇਲੇ ਭਾਈ ਬਾਲੇ ਦੇ ਮਨ ਵਿਚ
ਆਈ ਕਿ ਮੈਂ ਸਾਰੀ ਉਮਰ ਨਾਲ ਰਿਹਾ ਤੇ ਮੈਨੂੰ ਕੀ ਮਿਲਿਆ। ਅਗੋਂ ਅੰਤਰਜਾਮੀ
ਗੁਰੂ ਨਾਨਕ ਜੀ ਕਿਹਾ। ਭਾਈ ਬਾਲਾ ਅਸਾਂ ਤੇਰੀ ਵਸਤ ਤੈਨੂੰ ਯਾਰਵੇਂ ਜਾਮੇਂ
ਦੇਣੀ ਹੈ। ਤੂ ਹੀ ਯਾਰਵਾਂ ਜਾਮਾ ਮੇਰਾ ਰੂਪ ਹੋਵੇਂਗਾ। ਅਤੇ ਬਾਲਕ ਸਿੰਘ ਨਾਮ
ਹੋਵੇਗਾ। ਫੇਰ ਅਸੀਂ ਦਸਵਾਂ ਰੂਪ ਗੁਰੂ ਗੋਬਿੰਦ ਸਿੰਘ ਹੋਵਾਂਗੇ। ਤੇ ਫੇਰ ਤੁਹਾਨੂੰ
ਦਸਵੇਂ ਜਾਮੇਂ ਹਥੀਂ ਗੁਰ ਗੱਦੀ ਤਿਲਕ ਦੇ ਕੇ ਯਾਰਵਾਂ ਰੂਪ ਪ੍ਰਗਟ ਕਰਾਂਗੇ।
ਗੁਰੂ ਨਾਨਕ ਜੀ ਭਾਈ ਅਜਿਤੇ ਰੰਧਾਵੇ ਨਾਲ ਵੀ ਬਚਨ ਕਰਦਿਆਂ ਕਿਹਾ
ਹੈ। ਭਾਈ ਅਜਿਤਿਆ ਯਾਰਵਾਂ ਜਾਮਾ ਗੁਰੂ ੯ ਮਹੀਨੇ ਗਨਕਾ ਦੇ ਘਰ ਰਹੇਗਾ।
ਗਨਕਾ ਗੁਰੂ ਕੀ ਭਗਤਨੀ ਹੋਵੇਗੀ। ਪਾਨਾ ਬੀੜਾ ਹੱਥ ਕਰਿ ਸਤਿ ਗੁਰ ਭਏ
ਬਸੀਠ। ਅਗੋਂ ਗਨਕਾ ਉਠ ਖੜੀ ਆਉ ਹਮਾਰੇ ਮੀਤ। ਚੋਰ ਯਾਰ ਤਕੇ ਘਣਾ
ਬਹੁ ਬਿਧ ਕਰਹਿ ਪੁਕਾਰ। ਸਾਂਗੀ ਸਾਂਗ ਪੂਰਨ ਕਰੇ ਜਪ ਨਾਨਕ ਨਿਰੰਕਾਰ। ਏਹ
ਗੁਰੂ ਨਾਨਕ ਜੀ ਦੇ ਸਮੇਂ ਸਮੇਂ ਨਾਲ ਸਾਂਗ ਹਨ। ਗੁਰੂ ਜੁਗ ਜੁਗ ਸਾਂਗ ਕਰਦਾ
ਆਇਆ ਹੈ। ਇਸ ਕਰਕੇ ਉਹ ਸਤਿਗੁਰੂ ਬਾਲਕ ਸਿੰਘ ਜੀ ਗਨਕਾ ਦੇ ਘਰ
ਆਏ। ਕਿਉਂਕਿ ਗੁਰੂ ਜੀ ਉਸ ਮਾਈ ਦੇ ਘਰ ਗਏ ਜਿਸ ਦਾ ਨਾਮ ਪਰਬੀ
ਸੀ। ਤੇ ਪਿਛਲੇ ਕਿਨੇ ਜਨਮ ਪਹਿਲਾਂ ਗਨਕਾ ਸੀ। ਤੇ ਸੰਤਾਂ ਨੇ ਤੋਤਾ ਦੇ ਕੇ
ਉਧਾਰ ਕੀਤਾ ਸੀ। ਉਹੀ ਸੰਤ ਭਾਈ ਬਾਲਾ ਆਏ। ਤੇ ਫੇਰ ਸਤਿਗੁਰੂ ਬਾਲਕ
ਸਿੰਘ ਜੀ ਯਾਰਵਾਂ ਜਾਮਾ ਹੋਇ। ਅਤੇ ਜਿਸ ਗਨਕਾ ਦਾ ਉਧਾਰ ਹੋ ਗਿਆ
ਸੀ। ਉਸ ਗਨਕਾ ਨੂੰ ਫੇਰ ਨਿਰੰਕਾਰ ਨੇ ਵਡਿਆਈ ਦਿਤੀ। ਤਿੰਨ ਕਾਲ ਦੀ
ਸੋਝੀ ਬਖ਼ਸ਼ੀ ਸੀ। ਹੁਣ ਉਹ ਮਾਈ ਪਰੱਬੀ ਹਜਰੋ ਵਿਚ ਸੀ। ਤੇ ਸਤਿਗੁਰੂ ਬਾਲਕ
ਸਿੰਘ ਜੀ ਯਾਰਵਾਂ ਜਾਮਾ ਉਸ ਮਾਈ ਪਰੱਬੀ ਦੇ ਘਰ ਗਏ ਤੇ ਮਾਈ ਪਰੱਬੀ
ਨੂੰ ਸੋਝੀ ਸੀ। ਵੇਖ ਕੇ ਦਰਸਨ ਕਰ ਕੇ ਪ੍ਰਸੰਨ ਹੋਈ। ਤੇ ਆਦਰ ਸਤਿਕਾਰ ਕੀਤਾ।
ਅਗੋਂ ਗੁਰੂ ਜੀ ਨੇ ਕਿਹਾ ਪਰੱਬੀ ਅਸਾਂ ਤੇਰੇ ਘਰ ਨਉਂ ੯ ਮਹੀਨੇ ਗੁਪਤ ਰਹਿਣਾ
ਹੈ। ਗੁਰੂ ਸਾਂਗ ਕਰਦਾ ਹੈ। ਹੁਣ ਮਾਈ ਪਰੱਬੀ ਪਾਨਾ ਦਾ ਬੀੜਾ ਹੱਥ ਵਿਚ
ਲੈ ਕੇ ਖਲੋਤੀ ਤੇ ਸਤਿਗੁਰਾਂ ਨੇ ਪਾਨਾ ਬੀੜਾ ਹਥੋਂ ਲੈ ਲਿਆ। ਤੇ ਕਿਹਾ ਪਰੱਬੀ
ਤੇਰੇ ਕਰ ਕੇ ਇਹ ਸਾਂਗ ਬਖ਼ਸ਼ਿਆ। ਫੇਰ ਨਉਂ ਮਹੀਨੇ ਮਾਈ ਪਰੱਬੀ ਦੇ ਘਰ
ਰਹੇ ਸਤਿਗੁਰੂ ਬਾਲਕ ਸਿੰਘ ਜੀ ਯਾਰਵਾਂ ਜਾਮਾ। ਤੇ ਨਉਂ ਮਹੀਨੇ ਗੁਪਤ ਰਹਿ



Sri Satguru Jagjit Singh Ji eLibrary NamdhariElibrary@gmail.com

ਕੇ ਪਿਛੋਂ ਫੇਰ ਪ੍ਰਗਟ ਹੋ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਾਮ ਦਾ ਭੰਡਾਰ ਵ... ਲਗੇ। ਭਜਨ ਦੱਸ ਕੇ ਜੀਆਂ ਦਾ ਉਦਾਰ ਕਰਦੇ। ਤੇ ਮਾਈ ਪਰੱਬੀ ਵੀ ਕੋਲ ਹੀ ਰਹੇ। ਉਸ ਨੂੰ ਆਪਣੇ ਮੰਜੇ ਦੀ ਪੈਂਦ ਵਾਲੇ ਪਾਸੇ ਬਠਾਲਦੇ। ਉਹ ਯਾਰਵਾਂ ਜਾਮਾ ਸਾਰੇ ਪੋਠੋਹਾਰ ਤੇ ਪੰਜਾਬ ਸਭ ਥਾਂ ਤੇ ਪ੍ਰਗਟ ਹੋਇ। ਨਾਮ ਦਾ ਪ੍ਰਵਾਹ ਚਲਾਯਾ। ਤੇ ਫੇਰ ਸਮਾਂ ਪਾ ਕੇ ਜਦੋਂ ਬਾਹਰਵਾਂ ਜਾਮਾ ਜੀ ਫ਼ੌਜ ਵਿਚ ਸਨ ਤੇ ਲਾਹੌਰ ਸਨ। ਫ਼ੋਜ ਵਿਚ ਲਾਹੌਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਹੁਤ ਕੌਤਕ ਕੀਤੇ। ਇਕ ਵਾਰ ਪਲਟਨ ਫ਼ੌਜ ਲਾਹੌਰ ਤੋਂ ਪਸ਼ਾਵਰ ਨੂੰ ਜਾ ਰਹੀ ਸੀ। ਤੇ ਰਸਤੇ ਵਿਚ ਹਜਰੋ ਸ਼ਹਿਰ ਹੈ। ਉਥੇ ਫ਼ੌਜ ਨੇ ਉਤਾਰਾ ਕੀਤਾ। ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਹੋਰ ਸਾਥੀ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ। ਪਹਿਲਾਂ ਹੋਰ ਫ਼ੌਜੀ ਸਿਖ ਦਰਸ਼ਨ ਕਰ ਆਏ ਸਨ। ਜਦੋਂ ਸਤਿਗੁਰੂ ਰਾਮ ਸਿੰਘ ਜੀ ਸਾਥੀਆਂ ਸਮੇਤ ਗਏ ਤੇ ਅਗੇ ਸਤਿਗੁਰੂ ਬਾਲਕ ਸਿੰਘ ਜੀ ਕਥਾ ਵਿਚ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ। ਬਹੁਤ ਸੰਗਤਾਂ ਜੁੜੀਆਂ ਹੋਈਆਂ ਸਨ। ਸਤਿਗੁਰੂ ਬਾਲਕ ਸਿੰਘ ਜੀ ਨੇ ਫ਼ੌਜੀ ਸਿੰਘਾਂ ਵਲ ਵੇਖਿਆਤੇ ਅਗੋਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬੈਠਨ ਵਾਸਤੇ ਆਸਣ ਵਛਾ ਦਿਤਾ। ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਆਇ। ਤਾਂ ਅਗੋਂ ਸਤਿਗੁਰੂ ਬਾਲਕ ਸਿੰਘ ਜੀ ਨੇ ਸਤਿਕਾਰ ਕੀਤਾ ਤੇ ਆਖਿਆ ਆਉ ਠਾਕੁਰ ਜੀ ! ਅਸੀਂ ਤਾਂ ਆਪ ਨੂੰ ਹਰ ਰੋਜ਼ ਉਡੀਕ ਰਹੇ ਸਾਂ। ਕਦੋਂ ਆਉਣਗੇ। ਅਗੋਂ ਸਤਿਗੁਰੂ ਜੀ ਨੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਕਾਰ ਸਹਿਤ ਪ੍ਰਨਾਮ ਕੀਤਾ। ਤੇ ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣੇ ਕੋਲ ਬਠਾ ਲਿਆ। ਤੇ ਬਚਨ ਕੀਤੇ। ਕਿ ਸਾਨੂੰ ਦਸਮ ਪਾਤਿਸ਼ਾਹ ਜੀ ਨੇ ਹੁਕਮ ਕੀਤਾ ਸੀ। ਕਿ ਅਸੀਂ ਆਪ ਆਵਾਂਗੇ। ਸੋ ਹੁਣ ਆਪ ਆ ਗਏ ਹੋ। ਆਪਣੀ ਅਮਾਨਤ ਵਸਤ ਸੰਭਾਲ ਲਵੋ ਜੀ। ਤੇ ਸੰਸਾਰ ਦਾ ਉਧਾਰ ਕਰੋ। ਇਹ ਕਹਿ ਕੇ ਆਸਣ ਦੇ ਬਠਾ ਕੇ ਪੰਜ ਪੈਸੇ, ਨਰਯੇਲ ਅਗੇ ਰਖ ਕੇ ਮੱਥਾ ਟੇਕ ਦਿਤਾ ਤੇ ਤਿਲਕ ਲਾ ਕੇ ਗੁਰ ਗੱਦੀ ਸੌਂਪ ਦਿਤੀ। ਤੇ ਸਭ ਸੰਗਤ ਨੂੰ ਹੁਕਮ ਕੀਤਾ ਹੁਣ ਤੁਸਾਨੂੰ ਅਸਾਂ ਠਾਕਰਾਂ ਦਾ ਪੱਲਾ ਫੜਾ ਦਿਤਾ ਹੈ। ਉਹ ਸਤਿਗੁਰੂ ਬਾਰਵਾਂ ਜਾਮਾ ਰੂਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਾਜ਼ਰ-ਨਾਜ਼ਰ ਹਨ। ਜਿਨ੍ਹਾਂ ਨੇ ਕਲਜੁਗ ਵਿਚ ਸਤਿਜੁਗ ਲਾ ਕੇ ਸਭ ਧਰਤੀ ਤੇ ਨਾਮ ਜਪਾਣਾ ਹੈ। ਤੇ ਧਰਮ ਚਲਾਣਾ ਹੈ। ਸਤਿਗੁਰਾਂ ਨੇ ਸਾਂਗ ਬੜਾ ਵਡਾ ਰਚਿਆ ਹੈ। ਗੁਰੂ ਨਾਨਕ ਜੀ ਨੇ ਕਿਹਾ ਹੈ ਗੁਰੂ ਸਾਂਗ ਕਰ ਕੇ ਭਰਮਾਵੇਗਾ। ਸਭ ਭੁਲ ਜਾਣਗੇ। ਕੋਈ ਸਾਬਤ ਰਹੇਗਾ। ਕਲਜੁਗ ਐਸਾ ਖ਼ਰਾਬ ਕਰੇਗਾ। ਗੁਰੂ ਤੋਂ ਭੁੱਲ ਜਾਣਗੇ ਤੇ



Sri Satguru Jagjit Singh Ji eLibrary NamdhariElibrary@gmail.com

ਬੇਮੁਖ ਹੋਵਨਿਗੇ। ਜਿਸ ਨੂੰ ਆਪ ਪ੍ਰਤੀਤ ਬਖ਼ਸ਼ਨਗੇ ਉਸਦੀ ਰਹੇਗੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆ ਕੇ ਫੇਰ ਨਵੇਂ ਸਿਰੇ ਸਾਜਿਆ ਪੰਥ ਨੂੰ। ਗੁਰੂ ਗੋਬਿੰਦ ਜੀ ਦਾ ਸਾਜਿਆ ਪੰਥ ਜੋ ਸੀ। ਉਹ ਸਭ ਦਸਮ ਗੁਰੂ ਦੀ ਦੱਸੀ ਹੋਈ ਸਿਖਿਆ ਨੂੰ ਭੁਲ ਗਏ ਸਨ। ਫੇਰ ਸਤਿਗੁਰੂ ਰਾਮ ਸਿੰਘ ਜੀ ਨੇ ਸਾਰੀ ਸਿਖੀ ਵਿਚੋਂ ਢਾਈ ਸਿਖ ਲਭੇ ਸਨ। ਤੇ ਫੇਰ ਨਵੇਂ ਸਿਰੇ ਪੰਜ ਪਿਆਰੇ ਸਾਜ ਕੇ ਅੰਮ੍ਰਿਤ ਤਿਆਰ ਕਰ ਕੇ ਸੰਮਤ ੧੯੧੪ ਬਿਕ੍ਰਮੀ ਵਿਸਾਖੀ ਵਾਲੇ ਦਿਨ ਸੰਤ ਖ਼ਾਲਸਾ ਨਾਮਧਾਰੀ ਪੰਥ ਸਾਜਿਆ ਤੇ ਸਾਰੀ ਰਹਤ ਦਸਮ ਪਾਤਸ਼ਾਹ ਦੀ ਫੇਰ ਨਵੇਂ ਸਿਰੇ ਚਲਾਈ। ਤੇ ਮਾਈਆਂ ਨੂੰ ਵੀ ਅੰਮ੍ਰਿਤ ਛਕਾਇਆ ਤੇ ਪੂਰੀ ਰਹਿਤ ਰਖਾਈ। ਦੁਨੀਆਂ ਤੋਂ ਨਿਆਰਾ ਨਾਮਧਾਰੀ ਪੰਥ ਸੰਤ ਖ਼ਾਲਸਾ ਸਾਜਿਆ। ਤੇ ਅਨੰਦ-ਕਾਰਜਾਂ ਦੀ ਮਰਯਾਦਾ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਚਲਾਈ।


ਗੁਰੂ ਘਰ ਦਾ ਕੂਕਰ

**ਮੰਗਲ ਸਿੰਘ ਨਾਮਧਾਰੀ (ਪ੍ਰਦੇਸੀ)**

ਮਹੱਲਾ ਹਵੇਲੀਆਂ, ਫਤੇਹਗੜ੍ਹ ਚੂੜੀਆਂ,

ਜ਼ਿਲ੍ਹਾ ਗੁਰਦਾਸਪੁਰ, ਪੰਜਾਬ।